SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 23* Issue 107 | Monday, June 10 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਕੈਨੇਡੀਅਨ ਅਰਬਪਤੀ ਫਰੈਂਕ ਸਟ੍ਰੋਂਕ ਬਲਾਤਕਾਰ ਦੇ ਦੋਸ਼ 'ਚ ਗ੍ਰਿਫਤਾਰ



ਓਟਵਾ, 9 ਜੂਨ (ਪੋਸਟ ਬਿਊਰੋ): ਕੈਨੇਡਾ ਦੇ ਕਾਰੋਬਾਰੀ ਫਰੈਂਕ ਸਟ੍ਰੋਂਕ ਨੂੰ ਸ਼ੁੱਕਰਵਾਰ ਨੂੰ ਜਿਨਸੀ ਸ਼ੋਸ਼ਣ ਦੇ ਦੋਸ਼ਾਂ 'ਚ ਗ੍ਰਿਫਤਾਰ ਕੀਤਾ ਗਿਆ ਹੈ। ਸਟ੍ਰੋਂਕ ਦੁਨੀਆਂ ਦੀ ਸਭ ਤੋਂ ਵੱਡੀ ਆਟੋ ਪਾਰਟਸ ਕੰਪਨੀ ਦਾ ਸੰਸਥਾਪਕ ਹੈ। ਪੁਲਿਸ ਨੇ ਕੁਝ ਸ਼ਰਤਾਂ 'ਤੇ ਸਟ੍ਰੋਂਕ ਨੂੰ ਫਿਲਹਾਲ ਰਿਹਾਅ ਕਰ ਦਿੱਤਾ ਹੈ। ਉਨ੍ਹਾਂ ਦਾ ਨੂੰ ਬਾਅਦ ਵਿਚ ਬਰੈਂਪਟਨ, ਓਂਟਾਰੀਓ ਦੀ ਅਦਾਲਤ ਵਿੱਚ ਪੇਸ਼ ਹੋਣਾ ਤੈਅ ਹੈ।

ਕੈਨੇਡਾ ਵਿਚ ਪੀਲ ਰੀਜਨਲ ਪੁਲਿਸ ਨੇ ਇਕ ਬਿਆਨ ਵਿਚ ਕਿਹਾ ਕਿ 91 ਸਾਲਾ ਸਟ੍ਰੋਂਕ 'ਤੇ 80 ਤੋਂ 2023 ਦਰਮਿਆਨ ਔਰਤਾਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਹੈ। ਮਸ਼ਹੂਰ ਕਾਰੋਬਾਰੀ 'ਤੇ ਬਲਾਤਕਾਰ, ਯੌਨ ਉਤਪੀੜਨ ਅਤੇ ਔਰਤ ਨੂੰ ਜ਼ਬਰਦਸਤੀ ਬੰਧਕ ਬਣਾਉਣ ਸਮੇਤ ਪੰਜ ਅਪਰਾਧਾਂ ਦਾ ਦੋਸ਼ ਹੈ।

ਪੀਲ ਰੀਜਨਲ ਪੁਲਿਸ ਕਾਂਸਟੇਬਲ ਟੇਲਰ ਬੈੱਲ ਨੇ ਕਿਹਾ ਕਿ ਕਾਰੋਬਾਰੀ 'ਤੇ ਇਕ ਤੋਂ ਵੱਧ ਔਰਤਾਂ ਦੁਆਰਾ ਸ਼ੋਸ਼ਣ ਦਾ ਦੋਸ਼ ਲਗਾਇਆ ਗਿਆ ਹੈ। ਹਾਲਾਂਕਿ ਉਨ੍ਹਾਂ ਨੇ ਇਹ ਜਾਣਕਾਰੀ ਨਹੀਂ ਦਿੱਤੀ ਕਿ ਕਿੰਨੀਆਂ ਔਰਤਾਂ ਨੇ ਇਹ ਦੋਸ਼ ਲਗਾਏ ਹਨ। ਉਨ੍ਹਾਂ ਕਿਹਾ ਕਿ ਇਹ ਹਾਈ-ਪ੍ਰੋਫਾਈਲ ਕੇਸ ਹੈ।

ਬੈੱਲ ਨੇ ਕਿਹਾ ਕਿ ਪੀੜਤਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸਾਡੀ ਟੀਮ ਦੀ ਹੈ। ਉਨ੍ਹਾਂ ਦੀ ਸੁਰੱਖਿਆ ਲਈ, ਅਸੀਂ ਇਹ ਖੁਲਾਸਾ ਨਹੀਂ ਕਰਨ ਜਾ ਰਹੇ ਹਾਂ ਕਿ ਕਿੰਨੇ ਪੀੜਤਾਂ ਨੇ ਸਟ੍ਰੋਂਕ ਵਿਰੁੱਧ ਸ਼ਿਕਾਇਤਾਂ ਦਰਜ ਕਰਵਾਈਆਂ ਹਨ। ਬੈੱਲ ਨੇ ਕਿਹਾ ਕਿ ਉਹ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕਰ ਰਹੇ ਹਨ ਜੇਕਰ ਉਨ੍ਹਾਂ ਕੋਲ ਸਟ੍ਰੋਂਕ ਨਾਲ ਸਬੰਧਤ ਕੋਈ ਜਾਣਕਾਰੀ ਹੈ ਜਾਂ ਜੇਕਰ ਉਨ੍ਹਾਂ ਨਾਲ ਵੀ ਦੁਰਵਿਵਹਾਰ ਹੋਇਆ ਹੈ।

## ਵ੍ਹਾਈਟ ਹਾਊਸ ਸਾਹਮਣੇ ਫਲਸਤੀਨ ਸਮਰਥਕਾਂ ਨੇ ਕੀਤਾ ਪ੍ਰਦਰਸ਼ਨ

### ਹੱਥ 'ਚ ਖੂਨ ਨਾਲ ਲਥਪਥ ਬਾਇਡਨ ਦਾ ਮਾਸਕ ਫੜ੍ਹਿਆ



ਵਾਸ਼ਿੰਗਟਨ, 9 ਜੂਨ (ਪੋਸਟ ਬਿਊਰੋ): ਗਾਜ਼ਾ ਵਿੱਚ ਇਜ਼ਰਾਇਲੀ ਹਮਲਿਆਂ ਦੇ ਵਿਚਕਾਰ ਸ਼ਨੀਵਾਰ ਨੂੰ ਫਿਲਸਤੀਨ ਸਮਰਥਕਾਂ ਨੇ ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਵ੍ਹਾਈਟ ਹਾਊਸ ਦੇ ਬਾਹਰ ਪ੍ਰਦਰਸ਼ਨ ਕੀਤਾ। ਲੋਕ ਆਪਣੇ ਸਿਰਾਂ 'ਤੇ ਹਮਾਸ ਦੇ ਬੈਂਡ ਬੰਨ੍ਹੇ ਅਤੇ ਫਲਸਤੀਨ ਦਾ ਝੰਡਾ ਲਹਿਰਾਉਂਦੇ ਦੇਖੇ ਗਏ। ਇਸ ਦੌਰਾਨ ਪ੍ਰਦਰਸ਼ਨ ਕਰ ਰਹੇ ਇੱਕ ਵਿਅਕਤੀ ਦੇ ਹੱਥ ਵਿੱਚ ਰਾਸ਼ਟਰਪਤੀ ਬਿਡੇਨ ਦਾ ਮਾਸਕ ਵੀ ਸੀ, ਜੋ ਖੂਨ ਨਾਲ ਲਥਪਥ ਕੀਤਾ ਹੋਇਆ ਸੀ।

ਪ੍ਰਦਰਸ਼ਨ ਕਰ ਰਹੇ ਲੋਕਾਂ ਨੇ ਅਮਰੀਕੀ ਝੰਡੇ ਨੂੰ ਵੀ ਅੱਗ ਲਗਾ ਦਿੱਤੀ। ਲੋਕਾਂ ਦੇ ਹੱਥਾਂ ਵਿੱਚ ਕਈ ਬੈਨਰ ਅਤੇ ਪੋਸਟਰ ਵੀ ਸਨ। ਇਸ 'ਚ ਬਿਡੇਨ 'ਤੇ ਇਤਿਹਾਸ ਦੇ ਗਲਤ ਪਾਸੇ ਹੋਣ ਦਾ ਦੋਸ਼ ਲਗਾਇਆ ਗਿਆ ਸੀ। ਪ੍ਰਦਰਸ਼ਨਕਾਰੀਆਂ ਨੇ ਫਲਸਤੀਨ ਆਜ਼ਾਦ ਦੇ ਨਾਅਰੇ ਲਾਏ। ਉਨ੍ਹਾਂ ਕਿਹਾ ਕਿ ਗਾਜ਼ਾ 'ਚ ਬੰਬਾਰੀ 'ਚ ਜਾਨ ਗਵਾਉਣ ਵਾਲੇ ਬੱਚਿਆਂ ਦੀਆਂ ਚੀਕਾਂ ਹਮੇਸ਼ਾ ਤੁਹਾਨੂੰ ਸਤਾਉਂਦੀਆਂ ਰਹਿਣਗੀਆਂ। ਵਿਰੋਧ ਪ੍ਰਦਰਸ਼ਨ ਦੇ ਮੱਦੇਨਜ਼ਰ ਵ੍ਹਾਈਟ ਹਾਊਸ ਨੇੜੇ ਸੁਰੱਖਿਆ ਵਧਾ ਦਿੱਤੀ ਗਈ ਹੈ।

## ਵੈਨਕੂਵਰ ਦੇ ਕੋਲ ਹਾਰਬਰ 'ਤੇ ਫਲੋਟ ਜਹਾਜ਼ ਅਤੇ ਕਿਸ਼ਤੀ ਵਿਚਾਲੇ ਟੱਕਰ, ਕਈ ਜ਼ਖਮੀ



ਵੈਨਕੂਵਰ, 9 ਜੂਨ (ਪੋਸਟ ਬਿਊਰੋ): ਸ਼ਨੀਵਾਰ ਦੁਪਹਿਰ ਵੈਨਕੂਵਰ ਦੇ ਕੋਲ ਹਾਰਬਰ ਵਿੱਚ ਇੱਕ ਹਾਰਬਰ ਏਅਰ ਫਲੋਟ ਜਹਾਜ਼ ਅਤੇ ਇੱਕ ਕਿਸ਼ਤੀ ਦੀ ਟੱਕਰ ਗਈ। ਵਾਇਰਲ ਵੀਡੀਓ ਵਿੱਚ ਸਟੈਨਲੇ ਪਾਰਕ ਵਿੱਚ ਬਰਾਰਡ ਇਨਲੇਟ ਵਿੱਚ ਇੱਕ ਡੁੱਬਦੇ ਜਹਾਜ਼ ਦੇ ਆਲੇ ਦੁਆਲੇ ਕਈ ਕਿਸ਼ਤੀਆਂ ਦਿਖਾਈ ਦੇ ਰਹੀਆਂ ਹਨ। ਦੱਸ ਦੇਇਏ ਕਿ ਹਾਦਸੇ ਦੇ ਸਮੇਂ ਇੱਕ ਨਿਊਜ਼ ਚੈਨਲ ਤੋਂ ਏਬੀਗਲ ਟਰਨਰ ਸਟੈਨਲੇ ਪਾਰਕ ਵਿੱਚ ਸੀ ਅਤੇ ਉਸਨੇ ਜਹਾਜ਼ ਨੂੰ ਪਾਣੀ ਵਿੱਚ ਡਿੱਗਦੇ ਦੇਖਿਆ। ਉਨ੍ਹਾਂ ਦੱਸਿਆ ਕਿ ਘਟਨਾ ਤੋਂ ਬਾਅਦ ਜਦੋਂ ਜਹਾਜ਼ ਬੰਦਰਗਾਹ 'ਤੇ ਡੁੱਬਿਆ ਤਾਂ ਉਸ ਨੇ ਦੋ ਲੋਕਾਂ ਨੂੰ ਵਿੰਗ 'ਤੇ ਖੜ੍ਹੇ ਦੇਖਿਆ। ਨੇੜਲੀਆਂ ਕਿਸ਼ਤੀਆਂ ਮੌਕੇ 'ਤੇ ਇਕੱਠੀਆਂ ਹੋ ਗਈਆਂ।

ਜਾਣਕਾਰੀ ਅਨੁਸਾਰ ਸਮੁੰਦਰੀ ਜਹਾਜ਼ ਪੰਜ ਯਾਤਰੀਆਂ ਦੇ ਨਾਲ ਇੱਕ ਚਲ ਰਿਹ ਸੀ ਅਤੇ ਟੇਕਆਫ ਦੌਰਾਨ ਇਹ ਇੱਕ ਕਿਸ਼ਤੀ ਨਾਲ ਟਕਰਾਅ ਗਿਆ। ਸਾਰੇ ਯਾਤਰੀ ਅਤੇ ਪਾਇਲਟ ਸੁਰੱਖਿਅਤ ਹਨ।

ਹਾਲਾਂਕਿ, ਵੈਨਕੂਵਰ ਪੁਲਿਸ ਵਿਭਾਗ ਨੇ ਕਿਹਾ ਕਿ ਕਈ ਲੋਕਾਂ ਨੂੰ ਸੱਟਾਂ ਲੱਗੀਆਂ ਹਨ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ।

## ਟੋਰਾਂਟੋ ਵਿੱਚ ਮਨੁੱਖੀ ਤਸਕਰੀ ਦੇ ਦੋਸ਼ਾਂ 'ਚ 2 ਗ੍ਰਿਫਤਾਰ



ਟੋਰਾਂਟੋ, 9 ਜੂਨ (ਪੋਸਟ ਬਿਊਰੋ): ਪੁਲਿਸ ਨੇ 2013 ਤੋਂ ਪਹਿਲਾਂ ਦੇ ਮਨੁੱਖੀ ਤਸਕਰੀ ਦੇ ਦੋਸ਼ਾਂ ਦੀ ਚਲ ਰਹੀ ਜਾਂਚ ਦੌਰਾਨ ਟੋਰਾਂਟੋ ਵਿੱਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਟੋਰਾਂਟੋ ਪੁਲਿਸ ਸਰਵਿਸ ਦੱਸਿਆ ਕਿ ਪਿਛਲੇ ਅਗਸਤ ਵਿੱਚ ਦੋਸ਼ਾਂ ਦੀ ਜਾਂਚ ਸ਼ੁਰੂ ਕੀਤੀ ਸੀ।

ਉਸ ਜਾਂਚ ਦੇ ਜ਼ਰੀਏ ਉਨਾਂ ਨੂੰ ਪਤਾ ਲੱਗਾ ਹੈ ਕਿ ਧੋਖਾਧੜੀ, ਜ਼ਬਰਦਸਤੀ ਅਤੇ ਕਬਜ਼ਾ 'ਚ ਲੈ ਕੇ ਇੱਕ ਔਰਤ ਵਲੋਂ ਤਸਕਰੀ ਕੀਤੀ ਜਾ ਰਹੀ ਸੀ। ਪੀੜਤ ਤੋਂ ਕਮਾਏ ਪੈਸੇ ਇੱਕ ਸ਼ੱਕੀ ਨੂੰ ਸੌਂਪ ਦਿੱਤੇ ਗਏ ਸਨ, ਜਿਸ ਨੇ ਇਸ ਦਾ ਵੱਡਾ ਹਿੱਸਾ ਆਪਣੇ ਲਈ ਰੱਖਿਆ ਸੀ।

ਪੁਲਿਸ ਨੇ ਕਿਹਾ ਕਿ ਇਸ ਸ਼ੋਸ਼ਣ ਵਿੱਚ ਜਿਨਸੀ ਤਸਵੀਰਾਂ ਦੇ ਨਾਲ ਆਨਲਾਈਨ ਇਸ਼ਤਿਹਾਰ ਬਣਾਉਣਾ ਅਤੇ ਇੱਕ ਸ਼ੱਕੀ ਦੁਆਰਾ ਚਲਾਏ ਗਏ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਸ਼ਾਮਿਲ ਹੈ।

ਪੁਲਿਸ ਅਨੁਸਾਰ ਸ਼ੱਕੀ ਨੇ ਵਿਕਟੋਰੀਆ ਪਾਰਕ ਐਵੇਨਿਊ ਅਤੇ ਡੈਨਫੋਰਥ ਐਵੇਨਿਊ ਖੇਤਰ ਦੇ ਇੱਕ ਅਪਾਰਟਮੈਂਟ ਨੂੰ ਮਨੁੱਖੀ ਤਸਕਰੀ ਦੇ ਮਕਸਦ ਲਈ ਵਰਤਿਆ ਸੀ। ਬੁੱਧਵਾਰ ਨੂੰ, ਟੋਰਾਂਟੋ ਪੁਲਿਸ ਨੇ ਜਾਂਚ ਦੇ ਸਿਲਸਿਲੇ ਵਿੱਚ ਦੋ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ।

ਟੋਰਾਂਟੋ ਦੇ 51 ਸਾਲਾ ਮੁਨੱਵਰ ਰਾਜਪੂਤ 'ਤੇ ਨੌਂ ਦੋਸ਼ਾਂ ਹਨ। ਜਿਸ ਵਿੱਚ ਵੇਸਵਾਗਮਨੀ ਲਈ ਕਿਸੇ ਵਿਅਕਤੀ ਨੂੰ ਖਰੀਦਣਾ ਜਾਂ ਉਸ 'ਤੇ ਕੰਟਰੋਲ ਰੱਖਣਾ, ਜਿਨਸੀ ਸੇਵਾਵਾਂ ਦਾ ਇਸ਼ਤਿਹਾਰ ਦੇਣਾ, ਵਿਅਕਤੀਆਂ ਦੀ ਤਸਕਰੀ ਅਤੇ ਜ਼ਬਰਦਸਤੀ ਕੈਦ ਕਰਨਾ ਸ਼ਾਮਿਲ ਹੈ। ਟੋਰਾਂਟੋ ਦੀ 56 ਸਾਲਾ ਨੂਬੀਆ ਲੇਟੌਰਨੇਊ 'ਤੇ ਗੈਰ-ਕਾਨੂੰਨੀ ਜਿਨਸੀ ਸਬੰਧਾਂ, ਵੇਸਵਾਗਮਨੀ, ਤਸਕਰੀ, ਹਾਨੀਕਾਰਕ ਪਦਾਰਥਾਂ ਦਾ ਪ੍ਰਬੰਧਨ, ਜ਼ਬਰਦਸਤੀ ਕੈਦ ਅਤੇ ਜਿਨਸੀ ਹਮਲੇ ਲਈ ਕਿਸੇ ਵਿਅਕਤੀ ਨੂੰ ਖਰੀਦਣ ਜਾਂ ਕੰਟਰੋਲ ਕਰਨ ਸਮੇਤ 18 ਦੋਸ਼ ਲੱਗੇ ਹਨ। ਮੁਲਜ਼ਮ 6 ਜੂਨ ਨੂੰ ਸਵੇਰੇ 10 ਵਜੇ ਅਦਾਲਤ ਵਿੱਚ ਪੇਸ਼ ਹੋਏ। ਸ਼ਨੀਵਾਰ ਨੂੰ ਉਨ੍ਹਾਂ ਦੀਆਂ ਫੋਟੋਆਂ ਜਾਰੀ ਕੀਤੀਆਂ ਗਈਆਂ।

## ਐਡਮਿੰਟਨ ਵਿੱਚ 12 ਸਾਲਾ ਲੜਕੇ ਨੂੰ ਦੋ ਔਰਤਾਂ ਵੱਲੋਂ ਵੈਨ ਵਿੱਚ ਅਗਵਾ ਕਰਨ ਦੀ ਕੋਸ਼ਿਸ਼ : ਪੁਲਿਸ



ਐਡਮਿੰਟਨ, 9 ਜੂਨ (ਪੋਸਟ ਬਿਊਰੋ): ਐਡਮਿੰਟਨ ਪੁਲਿਸ ਦਾ ਕਹਿਣਾ ਹੈ ਕਿ ਦੋ ਔਰਤਾਂ ਨੇ ਵੀਰਵਾਰ ਨੂੰ ਦੱਖਣ-ਪੂਰਬੀ ਐਡਮਿੰਟਨ ਵਿੱਚ ਇੱਕ 12 ਸਾਲਾ ਲੜਕੇ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕੀਤੀ।

ਪੁਲਿਸ ਨੇ ਦੱਸਿਆ ਕਿ ਲੜਕਾ ਸ਼ਾਮ 7:30 ਵਜੇ 55 ਸਟ੍ਰੀਟ ਦੇ ਨੇੜੇ 38 ਐਵੇਨਿਊ 'ਤੇ ਆਪਣੇ ਘਰ ਜਾ ਰਿਹਾ ਸੀ ਜਦੋਂ ਦੋ ਔਰਤਾਂ ਨੇ ਸਪ੍ਰਿੰਟਰ ਸਟਾਈਲ ਕਾਰਗੋ ਵੈਨ ਰਾਹੀਂ ਉਸ ਨੂੰ ਅਗਵਾ ਕਰ ਦੀ ਕੋਸ਼ਿਸ਼ ਕੀਤੀ।

ਕਥਿਤ ਤੌਰ 'ਤੇ ਇਕ ਔਰਤ ਵੈਨ ਤੋਂ ਬਾਹਰ ਨਿਕਲੀ ਅਤੇ ਲੜਕੇ ਨੂੰ ਅੰਦਰ ਜਾਣ ਲਈ ਕਿਹਾ। ਪੁਲਿਸ ਨੇ ਦੱਸਿਆ ਕਿ ਲੜਕਾ ਆਪਣੇ ਘਰ ਭੱਜਣ ਵਿੱਚ ਕਾਮਯਾਬ ਹੋ ਗਿਆ। ਵੈਨ ਨੂੰ ਇੱਕ ਕਾਲੇ ਜਾਂ ਗੂੜ੍ਹੇ ਸਲੇਟੀ ਰੰਗ ਦੀ ਸਪ੍ਰਿੰਟਰ ਕਾਰਗੋ ਵੈਨ ਵਰਗੀ ਦੱਸਿਆ ਗਿਆ ਹੈ, ਜੋ ਕਿ ਐਮਾਜ਼ਾਨ ਡਰਾਈਵਰਾਂ ਦੁਆਰਾ ਚਲਾਈਆਂ ਜਾਣ ਵਾਲੀਆਂ ਵੈਨਾਂ ਵਰਗੀ ਹੈ।

ਲੜਕੇ ਨਾਲ ਗੱਲ ਕਰਨ ਵਾਲੀ ਔਰਤ ਗੋਰਾ, ਲਗਭਗ 30 ਸਾਲ ਦੀ ਉਮਰ ਦੀ, ਦਰਮਿਆਨਾ ਕੱਦ ਅਤੇ ਭੂਰੇ ਵਾਲਾਂ ਵਾਲੀ ਦੱਸਿਆ ਗਿਆ ਹੈ। ਉਸ ਸਮੇਂ ਉਸ ਨੇ ਕਾਲੇ ਰੰਗ ਦੀ ਡਰੈੱਸ ਪਾਈ ਹੋਈ ਸੀ।

## ਫਾਰੈਸਟ ਲਾਅਨ ਵਿੱਚ 17 ਸਾਲਾ ਨੌਜਵਾਨ 'ਤੇ ਚਾਕੂ ਮਾਰਨ ਦੇ ਮਾਮਲੇ 'ਚ ਫ੍ਰਸਟ ਡਿਗਰੀ ਕਤਲ ਦਾ ਦੋਸ਼



ਕੈਲਗਰੀ, 9 ਜੂਨ (ਪੋਸਟ ਬਿਊਰੋ): ਵੀਰਵਾਰ ਨੂੰ ਫਾਰੈਸਟ ਲਾਅਨ 'ਚ ਚਾਕੂ ਮਾਰਨ ਦੀ ਘਟਨਾ ਦੇ ਸਬੰਧ 'ਚ ਇਕ 17 ਸਾਲਾ ਨੌਜਵਾਨ 'ਤੇ ਦੋਸ਼ ਲੱਗਾ ਹੈ। ਵੀਰਵਾਰ ਦੀ ਘਟਨਾ ਦੇ ਸਬੰਧ ਵਿੱਚ ਇੱਕ 17 ਸਾਲਾ ਨੌਜਵਾਨ 'ਤੇ ਫਸਟ-ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਹੈ, ਜੋਕਿ 41 ਸਟਰੀਟ ਐੱਸ.ਈ. ਦੇ 1300 ਬਲਾਕ ਵਿੱਚ ਵਾਪਰੀ।

ਯੂਥ ਕ੍ਰਿਮੀਨਲ ਜਸਟਿਸ ਐਕਟ ਦੀਆਂ ਧਾਰਾਵਾਂ ਤਹਿਤ ਦੋਸ਼ੀ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਜਾ ਸਕਦਾ। ਉਸ ਨੂੰ ਸੋਮਵਾਰ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਣਾ ਹੈ।

## ਲੰਡਬ੍ਰੇਕ ਨੇੜੇ ਹਾਦਸਾ, ਹਾਈਵੇਅ 3ਏ ਬੰਦ



ਕੈਲਗਰੀ, 9 ਜੂਨ (ਪੋਸਟ ਬਿਊਰੋ): ਸ਼ਨੀਵਾਰ ਨੂੰ ਲੁੰਡਬ੍ਰੇਕ ਨੇੜੇ ਇੱਕ ਵੱਡੇ ਹਾਦਸੇ ਦੇ ਚਲਦੇ ਹਾਈਵੇਅ 3ਏ ਬੰਦ ਬੰਦ ਕਰ ਦਿੱਤਾ ਗਿਆ। ਲਗਭਗ ਸ਼ਾਮ 4:15 ਵਜੇ, ਆਰਸੀਐੱਮਪੀ ਨੇ ਕਿਹਾ ਕਿ ਟਾਊਨਸ਼ਿਪ ਰੋਡ 74 ਦੇ ਨੇੜੇ ਹਾਈਵੇਅ 'ਤੇ ਆਵਾਜਾਈ ਸੰਭਵ ਨਹੀਂ ਸੀ। ਡਰਾਈਵਰਾਂ ਨੂੰ ਕੁਝ ਸਮੇਂ ਲਈ ਖੇਤਰ ਤੋਂ ਨਾ ਲੰਘਣ ਲਈ ਕਿਹਾ ਗਿਆ ਸੀ। ਇਸ ਹਾਦਸੇ ਵਿਚ ਕਿੰਨੇ ਲੋਕ ਪ੍ਰਭਾਵਿਤ ਹੋਏ ਜਾਂ ਕੋਈ ਜ਼ਖਮੀ ਹੋਇਆ ਹੈ, ਇਸ ਬਾਰੇ ਹਾਲੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

## ਸਕਾਰਬਰੋ ਵਿੱਚ ਵਾਹਨ ਦੀ ਟੱਕਰ ਨਾਲ ਔਰਤ ਜ਼ਖਮੀ, ਹਸਪਤਾਲ ਦਾਖਲ



ਟੋਰਾਂਟੋ, 8 ਜੂਨ (ਪੋਸਟ ਬਿਊਰੋ): ਸ਼ਨੀਵਾਰ ਰਾਤ ਸਕਾਰਬੋਰੋ ਵਿੱਚ ਇੱਕ ਵਾਹਨ ਦੀ ਟੱਕਰ ਨਾਲ ਇੱਕ ਪੈਦਲ ਜਾ ਰਹੀ ਔਰਤ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਈ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਰਾਤ 10 ਵਜੇ ਤੋਂ ਥੋੜ੍ਹੀ ਦੇਰ ਪਹਿਲਾਂ, ਲਾਰੈਂਸ ਐਵੇਨਿਊ ਈਸਟ ਦੇ ਉੱਤਰ ਵਿੱਚ, ਗ੍ਰੀਨਹੋਮ ਸਰਕਟ ਅਤੇ ਮਾਰਖਮ ਰੋਡ ਦੇ ਨੇੜੇ ਇੱਕ ਟੱਕਰ ਦੀ ਸੂਚਨਾ ਮਿਲੀ ਸੀ।

ਟੋਰਾਂਟੋ ਦੇ ਪੈਰਾਮੈਡਿਕਸ ਦਾ ਕਹਿਣਾ ਹੈ ਕਿ ਪੈਦਲ ਜਾ ਰਹੀ ਔਰਤ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਸ ਨੂੰ ਹਸਪਤਾਲ ਲਿਜਾਇਆ ਗਿਆ। ਪੁਲਸ ਨੇ ਦੱਸਿਆ ਕਿ ਗੱਡੀ ਦਾ ਡਰਾਈਵਰ ਮੌਕੇ 'ਤੇ ਹੀ ਮੌਜੂਦ ਸੀ।

## ਬ੍ਰੋਕਵਿਲੇ ਵਿੱਚ 71 ਸਾਲਾ ਵਿਅਕਤੀ ਦੀ ਸਾਈਕਲ ਹਾਦਸੇ ਵਿੱਚ ਮੌਤ



ਓਟਵਾ, 9 ਜੂਨ (ਪੋਸਟ ਬਿਊਰੋ): ਓਂਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਇੱਕ ਸਾਈਕਲ ਹਾਦਸੇ ਦੀ ਜਾਂਚ ਕਰ ਰਹੀ ਹੈ ਜੋ ਸ਼ਨੀਵਾਰ ਸਵੇਰੇ ਬ੍ਰੋਕਵਿਲ ਦੇ ਉੱਤਰ-ਪੱਛਮ ਵਿੱਚ ਇੱਕ ਦਿਹਾਤੀ ਖੇਤਰ ਵਿੱਚ ਵਾਪਰਿਆ ਸੀ।

ਓਪੀਪੀ ਨੇ ਕਿਹਾ ਕਿ ਅਧਿਕਾਰੀਆਂ ਨੂੰ ਸਵੇਰੇ 10 ਵਜੇ ਤੋਂ ਥੋੜ੍ਹੀ ਦੇਰ ਬਾਅਦ ਸੈਟਲਮੈਂਟ ਰੋਡ ਨੇੜੇ ਕਾਉਂਟੀ ਰੋਡ 42 'ਤੇ ਬੁਲਾਇਆ ਗਿਆ ਜਦੋਂ ਕਈ ਸਬੰਧਤ ਵਿਅਕਤੀ ਇੱਕ ਵਿਅਕਤੀ ਦੀ ਮਦਦ ਲਈ ਆਏ ਜੋ ਆਪਣੀ ਸਾਈਕਲ ਤੋਂ ਡਿੱਗ ਗਿਆ ਸੀ।

ਇੱਕ ਜਾਂਚ ਵਿੱਚ ਪਾਇਆ ਗਿਆ ਕਿ ਵਿਅਕਤੀ ਆਪਣੇ ਸਾਈਕਲ ਤੋਂ ਡਿੱਗ ਗਿਆ ਜਦੋਂ ਇੱਕ ਚੀਜ਼ ਸਾਹਮਣੇ ਵਾਲੇ ਪਹੀਏ ਵਿੱਚ ਦਾਖਲ ਹੋ ਗਈ ਅਤੇ ਸਾਈਕਲ ਅਚਾਨਕ ਰੁਕ ਗਈ। ਓਪੀਪੀ ਨੇ ਟੱਕਰ ਹੋਣ ਤੋਂ ਇਨਕਾਰ ਕੀਤਾ ਹੈ। ਪੁਲਿਸ ਦਾ ਕਹਿਣਾ ਹੈ ਕਿ ਹਾਦਸੇ ਵਿਚ ਓਟਵਾ ਦੇ ਇੱਕ 71 ਸਾਲਾ ਵਿਅਕਤੀ ਦੀ ਮੌਤ ਹੋ ਗਈ ਹੈ।ਕਾਉਂਟੀ ਰੋਡ 42 ਨੂੰ ਜਾਂਚ ਦੌਰਾਨ ਬੰਦ ਕਰ ਦਿੱਤਾ ਗਿਆ ਸੀ, ਪਰ ਬਾਅਦ ਵਿੱਚ ਦੁਬਾਰਾ ਖੋਲ੍ਹਿਆ ਦਿੱਤਾ ਗਿਆ।

ਚੀਫ ਕੋਰੋਨਰ ਦੇ ਦਫਤਰ ਅਤੇ ਓਂਟਾਰੀਓ ਫੋਰੈਂਸਿਕ ਪੈਥੋਲਜੀ ਸਰਵਿਸ ਨੇ ਜਾਂਚ ਆਪਣੇ ਹੱਥ ਵਿੱਚ ਲੈ ਲਈ ਹੈ।

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

MagGas Medical Brampton
MGM MAGGAS MEDICAL INC.
Helping you breathe deep and rest easy.
- CPAP ਮਸ਼ੀਨ, ਮਾਸਕ ਅਤੇ ਸਪਲਾਈ
- ਮੁਫਤ ਸਲਾਹ
(647) 954-9885
20 Maritime Ont Blvd Unit 15
Brampton, ON L6S 0C2

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

## ਅੱਜ ਨਾਮਾ

ਵਧਦੀ ਹਿੰਸਾ ਪੰਜਾਬ ਵਿੱਚ ਬਹੁਤ ਜਾਂਦੀ,
ਰਹਿੰਦੀ ਖਬਰਾਂ ਦੀ ਲੱਗੀ ਹੈ ਲੜੀ ਬੇਲੀ।
ਅੱਗੜ-ਪਿੱਛੜ ਜੇ ਖਬਰ ਮਨਹੂਸ ਆਵੇ,
ਸੁਬਹਾ ਉੱਠਦਿਆਂ ਜਾਵੇ ਨਾ ਪੜ੍ਹੀ ਬੇਲੀ।
ਔਖੇ-ਸੌਖੇ ਜੇ ਪੜ੍ਹ ਲਈ ਖਬਰ ਪਹਿਲੀ,
ਦੂਸਰੀ ਆਂਵਦੀ ਪਹਿਲੀ ਤੋਂ ਚੜ੍ਹੀ ਬੇਲੀ।
ਮੂਡ ਵਿਗੜਦਾ ਹਿੰਸਾ ਦੀ ਖਬਰ ਪੜ੍ਹ ਕੇ,
ਜਾਂਦਾ ਖਿਆਲ ਨਾ ਇੱਕ ਵੀ ਘੜੀ ਬੇਲੀ।
ਨਹੀਂ ਸਰਕਾਰ ਦੇ ਵੱਸ ਦੀ ਬਾਤ ਲੱਗਦੀ,
ਨਹੀਂ ਸਮਾਜ ਅੰਦਰ ਛਿੜਦੀ ਗੱਲ ਬੇਲੀ।
ਇਕੱਲੇ ਬੈਠਿਆਂ ਸਾਰੇ ਹੀ ਕਰਨ ਚਰਚਾ,
ਕੋਈ ਸੁਧਾਰ ਲਈ ਦਿੱਸੇ ਨਾ ਹੱਲ ਬੇਲੀ।

**ਤੀਸ ਮਾਰ ਖਾਂ**

# ਨਰਿੰਦਰ ਮੋਦੀ ਨੇ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ

ਨਵੀਂ ਦਿੱਲੀ, 9 ਜੂਨ (ਪੋਸਟ ਬਿਊਰੋ): ਨਰਿੰਦਰ ਮੋਦੀ ਨੇ 9 ਜੂਨ ਐਤਵਾਰ ਸ਼ਾਮ ਨੂੰ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ। ਅਜਿਹਾ ਕਰਨ ਵਾਲੇ ਉਹ ਜਵਾਹਰ ਲਾਲ ਨਹਿਰੂ ਤੋਂ ਬਾਅਦ ਦੂਜੇ ਪ੍ਰਧਾਨ ਮੰਤਰੀ ਬਣ ਗਏ ਹਨ। ਮੋਦੀ ਨੇ ਭਗਵਾਨ ਦੇ ਨਾਂ 'ਤੇ ਸਹੁੰ ਚੁੱਕੀ। ਇਸ ਤੋਂ ਬਾਅਦ ਰਾਜਨਾਥ ਸਿੰਘ, ਅਮਿਤ ਸ਼ਾਹ, ਨਿਤਿਨ ਗਡਕਰੀ, ਜੇਪੀ ਨੱਡਾ ਅਤੇ ਸ਼ਿਵਰਾਜ ਸਿੰਘ ਚੌਹਾਨ ਨੇ ਸਹੁੰ ਚੁੱਕੀ। ਮੋਦੀ ਸਮੇਤ ਹੁਣ ਤੱਕ 58 ਮੰਤਰੀਆਂ ਨੇ ਸਹੁੰ ਚੁੱਕੀ ਹੈ।

ਐੱਨਡੀਏ ਸਰਕਾਰ ਵਿੱਚ ਮੋਦੀ ਸਮੇਤ 72 ਮੰਤਰੀ ਹੋਣਗੇ। ਇਨ੍ਹਾਂ ਵਿੱਚ 30 ਕੈਬਨਿਟ ਮੰਤਰੀ ਅਤੇ 5 ਆਜ਼ਾਦ ਚਾਰਜ ਮੰਤਰੀ ਅਤੇ 36 ਰਾਜ ਮੰਤਰੀ ਸ਼ਾਮਿਲ ਹੋਣਗੇ। ਸਹੁੰ ਚੁੱਕ ਸਮਾਗਮ ਸ਼ਾਮ 7:15 ਵਜੇ ਸ਼ੁਰੂ ਹੋਇਆ।

ਰਾਸ਼ਟਰਪਤੀ ਭਵਨ 'ਚ ਹੋਏ ਸਮਾਰੋਹ 'ਚ 7 ਦੇਸ਼ਾਂ ਦੇ ਨੇਤਾਵਾਂ ਤੋਂ ਇਲਾਵਾ ਦੇਸ਼ ਦੇ ਫ਼ਿਲਮੀ ਸਿਤਾਰਿਆਂ ਨੇ ਵੀ ਸ਼ਿਰਕਤ ਕੀਤੀ। ਇਨ੍ਹਾਂ 'ਚ ਅਕਸ਼ੇ ਕੁਮਾਰ, ਸ਼ਾਹਰੁਖ ਖਾਨ, ਵਿਕਰਾਂਤ ਮੇਸੀ ਅਤੇ ਰਾਜਕੁਮਾਰ ਹਿਰਾਨੀ ਸ਼ਾਮਿਲ ਸਨ। ਇਸ ਮੌਕੇ ਰਿਲਾਇੰਸ ਗਰੁੱਪ ਦੇ ਚੇਅਰਮੈਨ ਮੁਕੇਸ਼ ਅੰਬਾਨੀ ਵੀ ਮੌਜੂਦ ਸਨ।



## 2022 ਦਾ ਤਰਨਤਾਰਨ ਚਰਚ ਬੇਅਦਬੀ ਮਾਮਲਾ: ਦੋਸ਼ੀ ਜਸਵਿੰਦਰ ਮੁਨਸ਼ੀ ਗ੍ਰਿਫ਼ਤਾਰ, ਪਿਸਤੌਲ ਬਰਾਮਦ

ਅੰਮ੍ਰਿਤਸਰ, 9 ਜੂਨ (ਗਿਆਨ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਖੁਫੀਆ ਸੂਹ 'ਤੇ ਕਾਰਵਾਈ ਕਰਦਿਆਂ 2022 ਦੇ ਤਰਨ ਤਾਰਨ ਚਰਚ ਬੇਅਦਬੀ ਮਾਮਲੇ ਦੇ ਮੁੱਖ ਦੋਸ਼ੀ ਜਸਵਿੰਦਰ ਸਿੰਘ ਉਰਫ ਮੁਨਸ਼ੀ ਵਾਸੀ ਤਲਵੰਡੀ ਸੋਭਾ ਸਿੰਘ, ਜ਼ਿਲ੍ਹਾ ਤਰਨਤਾਰਨ ਨੂੰ ਗ੍ਰਿਫ਼ਤਾਰ ਕਰਕੇ ਇਸ ਮਾਮਲੇ ਨੂੰ ਸੁਲਝਾ ਲਿਆ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਮੁਲਜ਼ਮ ਦੇ ਕਬਜ਼ੇ 'ਚੋਂ ਗੈਰ-ਕਾਨੂੰਨੀ 9ਐਮਐਮ ਪਿਸਤੌਲ ਸਮੇਤ ਮੈਗਜ਼ੀਨ ਅਤੇ ਦੋ ਜ਼ਿੰਦਾ ਕਾਰਤੂਸ ਬਰਾਮਦ ਕਰਨ ਤੋਂ ਇਲਾਵਾ ਸਪਲੈਂਡਰ ਮੋਟਰਸਾਈਕਲ ਅਤੇ ਇੱਕ ਮੋਬਾਈਲ ਫ਼ੋਨ ਵੀ ਜ਼ਬਤ ਕੀਤਾ ਹੈ। ਜਾਣਕਾਰੀ ਅਨੁਸਾਰ 31 ਅਗਸਤ, 2022 ਨੂੰ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਠੱਕਰਪੁਰਾ ਦੇ ਚਰਚ ਵਿੱਚ ਚਾਰ ਅਣਪਛਾਤੇ ਵਿਅਕਤੀਆਂ ਨੇ ਭਗਵਾਨ ਯਿਸੂ ਅਤੇ ਮਾਤਾ ਮਰੀਅਮ ਦੀਆਂ ਮੂਰਤੀਆਂ ਦੀ ਭੰਨਤੋੜ ਕੀਤੀ ਸੀ ਅਤੇ ਪਾਦਰੀ ਦੀ ਕਾਰ ਨੂੰ ਅੱਗ ਲਾ ਕੇ ਫ਼ਰਾਰ ਹੋ ਗਏ ਸਨ। ਇਸ ਘਟਨਾ ਦੇ ਸਬੰਧ ਵਿੱਚ ਐਫ.ਆਈ.ਆਰ ਨੰ. 148 ਮਿਤੀ 31-8-2022 ਨੂੰ ਤਰਨਤਾਰਨ ਦੇ ਥਾਣਾ ਸਦਰ ਪੱਟੀ ਵਿਖੇ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀ ਧਾਰਾ 295-ਏ, 452, 427, ਅਤੇ 34 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਮੁਲਜ਼ਮ ਜਸਵਿੰਦਰ ਮੁਨਸ਼ੀ ਨੇ ਖੁਲਾਸਾ ਕੀਤਾ ਕਿ ਅਗਸਤ 2022 ਵਿੱਚ ਉਸ ਨੇ ਆਪਣੇ ਸਾਥੀ ਗੁਰਵਿੰਦਰ ਸਿੰਘ ਉਰਫ਼ ਅਫ਼ਰੀਦੀ ਵਾਸੀ ਪਿੰਡ ਤੂਤ, ਤਰਨਤਾਰਨ ਅਤੇ ਦੋ ਹੋਰ ਸਾਥੀਆਂ ਨਾਲ ਮਿਲ ਕੇ ਚਰਚ ਵਿੱਚ ਬੇਅਦਬੀ ਕੀਤੀ ਸੀ ਅਤੇ ਪਾਦਰੀ ਦੀ ਕਾਰ ਨੂੰ ਵੀ ਅੱਗ ਲਾ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਪਾਕਿਸਤਾਨ ਨੇ ਕਿਹਾ- ਭਾਰਤ ਨਾਲ ਚੰਗੇ ਸਬੰਧ ਚਾਹੁੰਦੇ ਹਾਂ, ਕਸ਼ਮੀਰ ਸਮੇਤ ਹਰ ਮੁੱਦੇ 'ਤੇ ਗੱਲਬਾਤ ਲਈ ਤਿਆਰ

ਇਸਲਾਮਾਬਾਦ, 9 ਜੂਨ (ਪੋਸਟ ਬਿਊਰੋ): ਪਾਕਿਸਤਾਨ ਨੇ ਕਿਹਾ ਹੈ ਕਿ ਉਹ ਭਾਰਤ ਸਮੇਤ ਸਾਰੇ ਗੁਆਂਢੀ ਦੇਸ਼ਾਂ ਨਾਲ ਚੰਗੇ ਸਬੰਧ ਚਾਹੁੰਦਾ ਹੈ। ਉਹ ਕਿਸੇ ਵੀ ਵਿਵਾਦ ਨੂੰ ਗੱਲਬਾਤ ਰਾਹੀਂ ਸੁਲਝਾਉਣ ਲਈ ਤਿਆਰ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੀ ਬੁਲਾਰਾ ਮੁਮਤਾਜ਼ ਜ਼ਾਹਰਾ ਬਲੋਚ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਭਾਰਤ ਵੱਲੋਂ ਬਿਆਨਬਾਜ਼ੀ ਅਤੇ ਸਾਰੀਆਂ ਮੁਸ਼ਕਿਲਾਂ ਦੇ ਬਾਵਜੂਦ, ਅਸੀਂ ਜ਼ਿੰਮੇਵਾਰ ਰਵੱਈਆ ਅਪਣਾਇਆ ਹੈ।



ਮੁਮਤਾਜ਼ ਨੇ ਅੱਗੇ ਕਿਹਾ ਕਿ ਅਸੀਂ ਜੰਮੂ-ਕਸ਼ਮੀਰ ਵਿਵਾਦ ਸਮੇਤ ਭਾਰਤ ਦੇ ਨਾਲ ਸਾਰੇ ਮੁੱਦਿਆਂ ਨੂੰ ਗੱਲਬਾਤ ਰਾਹੀਂ ਸੁਲਝਾਉਣ ਲਈ ਤਿਆਰ ਹਾਂ। ਅਸੀਂ ਸ਼ਾਂਤੀ ਨਾਲ ਅੱਗੇ ਵਧਣ ਵਿੱਚ ਵਿਸ਼ਵਾਸ ਰੱਖਦੇ ਹਾਂ। ਸਾਨੂੰ ਉਮੀਦ ਹੈ ਕਿ ਦੋਵਾਂ ਦੇਸ਼ਾਂ ਵਿੱਚ ਸ਼ਾਂਤੀ ਬਣਾਈ ਰੱਖਣ ਦੀ ਭਾਰਤ ਵੀ ਕੋਸ਼ਿਸ਼ ਕਰੇਗਾ। ਪ੍ਰਧਾਨ ਮੰਤਰੀ ਮੋਦੀ ਦੇ ਤੀਜੇ ਕਾਰਜਕਾਲ ਬਾਰੇ ਬਲੋਚ ਨੇ ਕਿਹਾ ਕਿ ਭਾਰਤ 'ਚ ਸਰਕਾਰ ਬਣਾਉਣ ਦੀ ਪ੍ਰਕਿਰਿਆ ਹਾਲੇ ਵੀ ਜਾਰੀ ਹੈ। ਅਜਿਹੇ 'ਚ ਇਸ ਸਬੰਧ 'ਚ ਕੋਈ ਬਿਆਨ ਦੇਣਾ ਠੀਕ ਨਹੀਂ ਹੋਵੇਗਾ।

# ਕਸ਼ਮੀਰ 'ਚ ਸ਼ਰਧਾਲੂਆਂ ਦੀ ਬੱਸ 'ਤੇ ਹਮਲਾ, 10 ਦੀ ਮੌਤ



ਸ੍ਰੀਨਗਰ, 9 ਜੂਨ (ਪੋਸਟ ਬਿਊਰੋ): ਜੰਮੂ-ਕਸ਼ਮੀਰ ਦੇ ਰਿਆਸੀ 'ਚ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਬੱਸ 'ਤੇ ਅੱਤਵਾਦੀਆਂ ਨੇ ਹਮਲਾ ਕਰ ਦਿੱਤਾ। ਇਸ 'ਚ 10 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ ਕਈ ਲੋਕ ਜ਼ਖਮੀ ਹੋ ਗਏ ਹਨ। ਇਹ ਅੱਤਵਾਦੀ ਹਮਲਾ ਨਵੀਂ ਦਿੱਲੀ ਵਿੱਚ ਪੀਐਮ ਮੋਦੀ ਅਤੇ ਨਵੀਂ ਕੈਬਨਿਟ ਦੇ ਸਹੁੰ ਚੁੱਕ ਸਮਾਗਮ ਦੌਰਾਨ ਰਿਆਸੀ ਜ਼ਿਲ੍ਹੇ ਦੇ ਕਾਂਡਾ ਇਲਾਕੇ ਵਿੱਚ ਹੋਇਆ।

ਰਿਆਸੀ ਦੇ ਐੱਸਐੱਸਪੀ ਮੋਹਤਾ ਸ਼ਰਮਾ ਨੇ ਦੱਸਿਆ ਕਿ ਸ਼ੁਰੂਆਤੀ ਰਿਪੋਰਟਾਂ ਮੁਤਾਬਕ ਅੱਤਵਾਦੀਆਂ ਨੇ ਸ਼ਿਵ ਖੋੜੀ ਤੋਂ ਕਟੜਾ ਜਾ ਰਹੀ ਬੱਸ 'ਤੇ ਗੋਲੀਬਾਰੀ ਕੀਤੀ, ਜਿਸ 'ਚ ਡਰਾਈਵਰ ਜ਼ਖਮੀ ਹੋ ਗਿਆ ਅਤੇ ਉਹ ਬੱਸ ਤੋਂ ਕੰਟਰੋਲ ਗੁਆ ਬੈਠਾ। ਇਸ ਕਾਰਨ ਬੱਸ ਖੱਡ ਵਿੱਚ ਜਾ ਡਿੱਗੀ। 10 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ 33 ਜ਼ਖਮੀ ਹੋ ਗਏ।

ਮੋਹਿਤਾ ਸ਼ਰਮਾ ਨੇ ਦੱਸਿਆ ਕਿ ਬੱਸ 'ਚ ਸਵਾਰ ਹੋਰ ਯਾਤਰੀਆਂ ਨੂੰ ਬਚਾ ਲਿਆ ਗਿਆ ਹੈ। ਯਾਤਰੀਆਂ ਦੀ ਪਛਾਣ ਨਹੀਂ ਹੋ ਸਕੀ ਹੈ। ਜ਼ਿਆਦਾਤਰ ਸ਼ਰਧਾਲੂ ਉੱਤਰ ਪ੍ਰਦੇਸ਼ ਦੇ ਹਨ। ਸੁਰੱਖਿਆ ਬਲਾਂ ਨੇ ਸ਼ਿਵ ਖੋੜੀ ਮੰਦਰ ਖੇਤਰ ਨੂੰ ਸੁਰੱਖਿਅਤ ਕਰ ਲਿਆ ਹੈ ਅਤੇ ਇਸ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਹੈ।

# ਪਹਿਲੀ ਵਾਰ ਚੰਦਰਮਾ 'ਤੇ ਪਹੁੰਚਣ ਵਾਲੇ ਐਸਟ੍ਰੋਨਾਟ ਦੀ ਜਹਾਜ਼ ਹਾਦਸੇ 'ਚ ਮੌਤ,

ਵਾਸ਼ਿੰਗਟਨ, 9 ਜੂਨ (ਪੋਸਟ ਬਿਊਰੋ): ਅਮਰੀਕਾ ਵਿੱਚ ਅਪੋਲੋ 8 ਮਿਸ਼ਨ ਦੇ ਪੁਲਾੜ ਯਾਤਰੀ ਬਿਲ ਐਂਡਰਸ ਦੀ ਸ਼ੁੱਕਰਵਾਰ ਦੇਰ ਰਾਤ ਇੱਕ ਜਹਾਜ਼ ਹਾਦਸੇ ਵਿੱਚ ਮੌਤ ਹੋ ਗਈ। 90 ਸਾਲਾ ਐਂਡਰਸ ਅਪੋਲੋ 8 ਦਾ ਹਿੱਸਾ ਸਨ, ਜੋ ਮਨੁੱਖਾਂ ਨੂੰ ਚੰਦਰਮਾ ਦੇ ਪੰਧ ਵਿੱਚ ਲਿਜਾਣ ਵਾਲਾ ਪਹਿਲਾ ਮਿਸ਼ਨ ਸੀ। ਜਾਣਕਾਰੀ ਮੁਤਾਬਕ ਸ਼ੁੱਕਰਵਾਰ ਨੂੰ ਬਿਲ ਵਾਸ਼ਿੰਗਟਨ ਵਿਚ ਇਕੱਲੇ ਛੋਟਾ ਜਹਾਜ਼ ਉਡਾ ਰਹੇ ਸਨ।



ਜਹਾਜ਼ ਸਥਾਨਕ ਸਮੇਂ ਅਨੁਸਾਰ ਸਵੇਰੇ 11:40 ਵਜੇ ਸੀਏਟਲ ਦੇ ਉੱਤਰ ਵਿੱਚ ਪਾਣੀ ਵਿੱਚ ਹਾਦਸਾਗ੍ਰਸਤ ਹੋ ਗਿਆ। ਇਸ ਤੋਂ ਬਾਅਦ ਸਰਚ ਟੀਮ ਨੂੰ ਜਹਾਜ਼ ਦੇ ਕਰੈਸ਼ ਸਾਈਟ 'ਤੇ ਐਂਡਰਸ ਦੀ ਲਾਸ਼ ਮਿਲੀ। ਉਨ੍ਹਾਂ ਦੇ ਬੇਟੇ ਗ੍ਰੇਗ ਨੇ ਉਨ੍ਹਾਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ।
ਅਮਰੀਕਾ ਦਾ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਜਹਾਜ਼ ਹਾਦਸੇ ਦੀ ਜਾਂਚ ਕਰ ਰਿਹਾ ਹੈ। ਮੇਜਰ ਐਂਡਰਸ, ਜੋਕਿ ਅਮਰੀਕੀ ਹਵਾਈ ਸੈਨਾ ਦੇ ਹਿੱਸਾ ਸਨ, 1968 ਵਿੱਚ ਕਰਨਲ ਫਰੈਂਕ ਬੋਰਮੈਨ ਅਤੇ ਕੈਪਟਨ ਜੇਮਸ ਲਵੇਲ ਨਾਲ ਅਪੋਲੋ 8 ਮਿਸ਼ਨ ਲਈ ਰਵਾਨਾ ਹੋਏ ਸਨ।

ਆਪਣੇ ਮਿਸ਼ਨ ਦੌਰਾਨ ਉਨ੍ਹਾਂ ਨੇ ਚੰਦਰਮਾ ਅਤੇ ਧਰਤੀ ਦੀਆਂ ਕਈ ਤਸਵੀਰਾਂ ਲਈਆਂ। ਇਸ ਮਿਸ਼ਨ ਦਾ ਟੀਚਾ ਅਪੋਲੋ 11 ਦੀ ਤਿਆਰੀ ਕਰਨਾ ਸੀ, ਜਿਸ ਵਿਚ ਮਨੁੱਖ ਪਹਿਲੀ ਵਾਰ ਚੰਦਰਮਾ 'ਤੇ ਕਦਮ ਰੱਖਣ ਜਾ ਰਿਹਾ ਸੀ। 24 ਦਸੰਬਰ, 1968 ਨੂੰ ਚੰਦਰਮਾ ਦੇ ਦੁਆਲੇ 10 ਚੱਕਰਾਂ ਦੇ ਦੌਰਾਨ, ਤਿੰਨ ਪੁਲਾੜ ਯਾਤਰੀਆਂ ਨੇ ਚੰਦਰਮਾ ਦੀ ਦੂਰੀ ਤੋਂ ਉੱਪਰ ਉੱਠਣ ਵਾਲੀ ਧਰਤੀ ਦੀਆਂ ਕਈ ਤਸਵੀਰਾਂ ਲਈਆਂ।

## ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ੍ਰੇਡਰਿਕਸਨ 'ਤੇ ਹਮਲਾ, ਮੁਲਜ਼ਮ ਗ੍ਰਿਫਤਾਰ, ਯੂਰਪੀਅਨ ਯੂਨੀਅਨ ਦੀਆਂ ਅੱਜ ਹੋਣੀਆਂ ਹਨ ਚੋਣਾਂ

ਕੋਪੇਨਹੇਗਨ , 9 ਜੂਨ (ਪੋਸਟ ਬਿਊਰੋ): ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ੍ਰੇਡਰਿਕਸਨ 'ਤੇ ਕੋਪੇਨਹੇਗਨ 'ਚ ਇਕ ਵਿਅਕਤੀ ਨੇ ਅਚਾਨਕ ਹਮਲਾ ਕਰ ਦਿੱਤਾ। ਸਮਾਚਾਰ ਏਜੰਸੀ ਰਿਟਜ਼ਾਊ ਦੀ ਰਿਪੋਰਟ ਮੁਤਾਬਕ ਦੋਸ਼ੀ ਨੇ ਪਿੱਛੇ ਤੋਂ ਆ ਕੇ ਫ੍ਰੇਡਰਿਕਸਨ ਨੂੰ ਜ਼ੋਰ ਨਾਲ ਧੱਕਾ ਦਿੱਤਾ। ਇਸ ਨਾਲ ਉਸ ਨੂੰ ਠੋਕਰ ਲੱਗ ਗਈ। ਹਾਲਾਂਕਿ ਕੋਪੇਨਹੇਗਨ ਪੁਲਸ ਨੇ ਹਮਲਾਵਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।
ਇਹ ਹਮਲਾ ਯੂਰਪੀਅਨ ਯੂਨੀਅਨ (ਈਯੂ) ਦੀਆਂ ਚੋਣਾਂ ਤੋਂ ਠੀਕ ਪਹਿਲਾਂ ਹੋਇਆ ਹੈ। ਈਯੂ ਦੀਆਂ ਚੋਣਾਂ 9 ਜੂਨ ਨੂੰ ਹੋਣੀਆਂ ਹਨ। ਡੈਨਮਾਰਕ ਦੇ ਪ੍ਰਧਾਨ ਮੰਤਰੀ ਫਰੈਡਰਿਕਸਨ ਸੋਸ਼ਲ ਡੈਮੋਕਰੇਟਸ ਦੇ ਈਯੂ ਲੀਡ ਉਮੀਦਵਾਰ ਕ੍ਰਿਸਟਲ ਸ਼ੈਲਡੇਮੋਸ ਨਾਲ ਚੋਣ ਪ੍ਰਚਾਰ ਕਰ ਰਹੇ ਹਨ। ਘਟਨਾ ਦੇ ਸਮੇਂ ਉਹ ਚੋਣ ਪ੍ਰਚਾਰ ਤੋਂ ਪਰਤ ਰਹੇ ਸਨ।



ਡੈਨਮਾਰਕ ਦੇ ਰਾਜ ਪ੍ਰਸਾਰਕ ਡੀਆਰ ਨੇ ਪ੍ਰਧਾਨ ਮੰਤਰੀ ਦਫ਼ਤਰ ਦੇ ਹਵਾਲੇ ਨਾਲ ਕਿਹਾ ਕਿ ਫ੍ਰੇਡਰਿਕਸਨ ਹਮਲੇ ਤੋਂ ਸਦਮੇ ਵਿੱਚ ਹਨ। ਘਟਨਾ ਦੇ ਚਸ਼ਮਦੀਦਾਂ ਨੇ ਦੱਸਿਆ ਕਿ ਦੂਜੇ ਪਾਸਿਓਂ ਇਕ ਵਿਅਕਤੀ ਆਇਆ ਅਤੇ ਪ੍ਰਧਾਨ ਮੰਤਰੀ ਦੇ ਸਾਥੀ ਨੂੰ ਮੋਢੇ 'ਤੇ ਜ਼ੋਰ ਨਾਲ ਧੱਕਾ ਦੇ ਦਿੱਤਾ। ਧੱਕਾ ਬਹੁਤ ਜ਼ੋਰਦਾਰ ਸੀ, ਪਰ ਉਹ ਡਿੱਗਣ ਤੋਂ ਬਚ ਗਏ। ਇਸ ਤੋਂ ਬਾਅਦ ਉਹ ਇੱਕ ਕੈਫੇ ਵਿੱਚ ਬੈਠ ਗਏ।

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How your students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca




# ਅਰੋੜਾ ਨੇ ਡੀਜੀਪੀ ਅਤੇ ਸੀਪੀ ਨੂੰ ਲਿਖਿਆ ਪੱਤਰ; ਨਾਬਾਲਗਾਂ ਨੂੰ ਸ਼ਰਾਬ ਪੀਣ ਤੋਂ ਰੋਕਣ ਲਈ ਤੁਰੰਤ ਕਦਮ ਚੁੱਕਣ ਦੀ ਉਠਾਈ ਮੰਗ

ਲੁਧਿਆਣਾ, 9 ਜੂਨ (ਗਿਆਨ ਸਿੰਘ): ਸਥਾਨਕ ਨਿਵਾਸੀਆਂ ਤੋਂ ਫੀਡਬੈਕ ਪ੍ਰਾਪਤ ਕਰਨ 'ਤੇ, ਸੰਸਦ ਮੈਂਬਰ (ਰਾਜ ਸਭਾ) ਸੰਜੀਵ ਅਰੋੜਾ ਨੇ ਡੀਜੀਪੀ, ਪੰਜਾਬ ਅਤੇ ਪੁਲਿਸ ਕਮਿਸ਼ਨਰ (ਸੀਪੀ), ਲੁਧਿਆਣਾ ਕੋਲ ਨਾਬਾਲਗਾਂ ਵੱਲੋਂ ਸ਼ਰਾਬ ਪੀਣ ਦਾ ਗੰਭੀਰ ਮੁੱਦਾ ਉਠਾਇਆ ਹੈ। ਉਨ੍ਹਾਂ ਡੀਜੀਪੀ ਅਤੇ ਸੀਪੀ ਦੋਵਾਂ ਨੂੰ ਪੱਤਰ ਲਿਖ ਕੇ ਸ਼ਹਿਰ ਵਿੱਚ ਨਾਬਾਲਗਾਂ ਵੱਲੋਂ ਸ਼ਰਾਬ ਪੀਣ ਦੇ ਮੁੱਦੇ ਨੂੰ ਰੋਕਣ ਲਈ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਅਰੋੜਾ ਨੇ ਲਿਖਿਆ ਕਿ ਉਹ ਲੁਧਿਆਣਾ ਵਿੱਚ ਨਾਬਾਲਗਾਂ ਵੱਲੋਂ ਸ਼ਰਾਬ ਪੀ ਕੇ ਗੱਡੀ ਚਲਾਉਣ ਦੇ ਵੱਧ ਰਹੇ ਮਾਮਲਿਆਂ ਬਾਰੇ ਆਪਣੀ ਡੂੰਘੀ ਚਿੰਤਾ ਪ੍ਰਗਟ ਕਰਨਾ ਚਾਹੁੰਦੇ ਹਨ। ਇਹ ਇੱਕ ਗੰਭੀਰ ਮੁੱਦਾ ਹੈ ਜੋ ਨਾ ਸਿਰਫ਼ ਸਾਡੇ ਨੌਜਵਾਨਾਂ ਦੀ ਸਿਹਤ ਅਤੇ ਭਲਾਈ ਲਈ ਖਤਰਾ ਪੈਦਾ ਕਰਦਾ ਹੈ ਸਗੋਂ ਸਮਾਜ ਵਿਰੋਧੀ ਵਿਹਾਰ ਅਤੇ ਅਪਰਾਧ ਵਿੱਚ ਵਾਧਾ ਕਰਨ ਵਿੱਚ ਵੀ ਯੋਗਦਾਨ ਪਾਉਂਦਾ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਪੁਣੇ ਵਿੱਚ ਵਾਪਰੀ ਘਟਨਾ ਇਸ ਦੀ ਕੋਝਾ ਉਦਾਹਰਣ ਹੈ।

ਉਨ੍ਹਾਂ ਡੀਜੀਪੀ ਅਤੇ ਸੀਪੀ ਦੋਵਾਂ ਨੂੰ ਇਸ ਖਤਰਨਾਕ ਰੁਝਾਨ ਨੂੰ ਰੋਕਣ ਲਈ ਤੁਰੰਤ ਅਤੇ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ। ਇਸ ਵਿੱਚ ਲੁਧਿਆਣਾ ਦੇ ਅਧਿਕਾਰ ਖੇਤਰ ਵਿੱਚ ਬਾਰਾਂ, ਰੈਸਟੋਰੈਂਟਾਂ, ਕਲੱਬਾਂ, ਸ਼ਰਾਬ ਦੀਆਂ ਦੁਕਾਨਾਂ ਅਤੇ ਹੋਰ ਜਨਤਕ ਥਾਵਾਂ 'ਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਚੌਕਸੀ ਵਧਾ ਦਿੱਤੀ ਗਈ ਹੈ ਜੋ ਨਾਬਾਲਗਾਂ ਨੂੰ ਸ਼ਰਾਬ ਪਰੋਸਣ ਜਾਂ ਵੇਚਣ ਦੀ ਇਜਾਜ਼ਤ ਦਿੰਦੇ ਹਨ।

ਅਰੋੜਾ ਨੇ ਆਪਣੇ ਪੱਤਰਾਂ ਵਿੱਚ ਇਸ ਸਮੱਸਿਆ ਦੇ ਕੁਝ ਖਾਸ ਹੱਲਾਂ ਦਾ ਜ਼ਿਕਰ ਕੀਤਾ ਹੈ। ਇਨਫੋਰਸਮੈਂਟ ਨੂੰ ਮਜ਼ਬੂਤ ਕਰਨ ਦੇ ਸਬੰਧ ਵਿੱਚ, ਉਨ੍ਹਾਂ ਨੇ ਕਾਨੂੰਨ ਲਾਗੂ ਕਰਨ ਵਾਲੇ ਕਰਮਚਾਰੀਆਂ ਨੂੰ ਸ਼ਰਾਬ ਵੇਚਣ ਜਾਂ ਪਰੋਸਣ ਵਾਲੇ ਅਦਾਰਿਆਂ ਦੀ ਨਿਯਮਤ ਜਾਂਚ ਕਰਨ ਦਾ ਸੁਝਾਅ ਦਿੱਤਾ। ਨਾਬਾਲਗ ਗਾਹਕਾਂ ਨੂੰ ਸ਼ਰਾਬ ਪਰੋਸ ਕੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ 'ਤੇ ਸਖ਼ਤ ਸਜ਼ਾਵਾਂ ਹੋਣੀਆਂ ਚਾਹੀਦੀਆਂ ਹਨ।

ਜਾਗਰੂਕਤਾ ਪੈਦਾ ਕਰਨ ਲਈ, ਅਰੋੜਾ ਨੇ ਨੌਜਵਾਨਾਂ ਅਤੇ ਆਮ ਲੋਕਾਂ ਨੂੰ ਘੱਟ ਉਮਰ ਦੇ ਸ਼ਰਾਬ ਪੀਣ ਦੇ ਖ਼ਤਰਿਆਂ ਬਾਰੇ ਜਾਗਰੂਕ ਕਰਨ ਲਈ ਇੱਕ ਜਨਤਕ ਜਾਗਰੂਕਤਾ ਮੁਹਿੰਮ ਸ਼ੁਰੂ ਕਰਨ ਦਾ ਸੁਝਾਅ ਦਿੱਤਾ। ਇਹਨਾਂ ਮੁਹਿੰਮਾਂ ਵਿੱਚ ਘੱਟ ਉਮਰ ਵਿੱਚ ਸ਼ਰਾਬ ਪੀਣ ਨਾਲ ਜੁੜੇ ਕਾਨੂੰਨੀ ਨਤੀਜਿਆਂ, ਸਿਹਤ ਦੇ ਜੋਖਮਾਂ, ਅਤੇ ਨਸ਼ੇ ਦੀ ਸੰਭਾਵਨਾ ਨੂੰ ਉਜਾਗਰ ਕਰਨਾ ਚਾਹੀਦਾ ਹੈ।

ਉਨ੍ਹਾਂ ਨੇ ਆਪਣੇ ਪੱਤਰਾਂ ਵਿੱਚ ਸਟੇਕਹੋਲਡਰਾਂ ਨੂੰ ਸ਼ਾਮਲ ਕਰਨ ਦੇ ਉਦੇਸ਼ ਨਾਲ ਨਾਬਾਲਗਾਂ ਵੱਲੋਂ ਸ਼ਰਾਬ ਪੀਣ ਦੀ ਸਮੱਸਿਆ ਨਾਲ ਨਜਿੱਠਣ ਲਈ ਇੱਕ ਵਿਆਪਕ ਰਣਨੀਤੀ ਤਿਆਰ ਕਰਨ ਲਈ ਪ੍ਰਾਹੁਣਚਾਰੀ ਉਦਯੋਗ, ਵਿਦਿਅਕ ਸੰਸਥਾਵਾਂ ਅਤੇ ਭਾਈਚਾਰਕ ਸੰਸਥਾਵਾਂ ਨਾਲ ਸਹਿਯੋਗ ਕਰਨ ਦਾ ਸੁਝਾਅ ਦਿੱਤਾ। ਇਸ ਵਿੱਚ ਬਾਰਟੈਂਡਰਾਂ ਅਤੇ ਸਰਵਰਾਂ ਨੂੰ ਜਾਅਲੀ ਆਈਡੀ ਦੀ ਪਛਾਣ ਕਰਨ ਅਤੇ ਨਾਬਾਲਗਾਂ ਨੂੰ ਸੇਵਾ ਦੇਣ ਤੋਂ ਇਨਕਾਰ ਕਰਨ ਦੇ ਨਾਲ-ਨਾਲ ਸਕੂਲਾਂ ਅਤੇ ਕਾਲਜਾਂ ਵਿੱਚ ਨਾਬਾਲਗਾਂ ਵੱਲੋਂ ਸ਼ਰਾਬ ਪੀਣ ਦੇ ਖ਼ਤਰਿਆਂ ਬਾਰੇ ਵਿਦਿਅਕ ਪ੍ਰੋਗਰਾਮ ਸ਼ਾਮਲ ਹੋ ਸਕਦੇ ਹਨ।

ਅਰੋੜਾ ਨੇ ਆਮ ਨਾਗਰਿਕਾਂ ਨੂੰ ਵੱਧ ਅਧਿਕਾਰ ਦੇਣ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਮੋਬਾਈਲ ਐਪਸ ਵਿਕਸਤ ਕਰਕੇ ਆਮ ਨਾਗਰਿਕਾਂ ਨੂੰ ਸਸ਼ਕਤ ਬਣਾਉਣ ਦਾ ਸੁਝਾਅ ਦਿੱਤਾ ਜਿਸ ਰਾਹੀਂ ਉਹ ਫੋਟੋਆਂ ਖਿੱਚ ਸਕਦੇ ਹਨ ਅਤੇ ਅਪਰਾਧੀਆਂ ਦੇ ਖੇਤਰ ਨੂੰ ਜੀਓਟੈਗ ਕਰ ਸਕਦੇ ਹਨ, ਜਿਸ ਨਾਲ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੀ ਮਦਦ ਕੀਤੀ ਜਾ ਸਕਦੀ ਹੈ।

ਉਨ੍ਹਾਂ ਲਿਖਿਆ, "ਮੇਰਾ ਮੰਨਣਾ ਹੈ ਕਿ ਇਸ ਮੁੱਦੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਸਖ਼ਤ ਇਨਫੋਰਸਮੈਂਟ, ਜਨਤਕ ਜਾਗਰੂਕਤਾ ਪਹਿਲਕਦਮੀਆਂ, ਅਤੇ ਹਿੱਸੇਦਾਰਾਂ ਦੇ ਨਾਲ ਸਹਿਯੋਗ ਨੂੰ ਸ਼ਾਮਲ ਕਰਨ ਵਾਲੀ ਬਹੁ-ਪੱਖੀ ਪਹੁੰਚ ਜ਼ਰੂਰੀ ਹੈ।"

ਅਰੋੜਾ ਨੇ ਉਮੀਦ ਜ਼ਾਹਰ ਕੀਤੀ ਕਿ ਲੁਧਿਆਣਾ ਪੁਲਿਸ ਘੱਟ ਉਮਰ ਵਿੱਚ ਸ਼ਰਾਬ ਪੀਣ ਨੂੰ ਰੋਕਣ ਅਤੇ ਨੌਜਵਾਨਾਂ ਲਈ ਸੁਰੱਖਿਅਤ ਮਾਹੌਲ ਸਿਰਜਣ ਲਈ ਨਿਰਣਾਇਕ ਕਾਰਵਾਈ ਕਰ ਸਕਦੀ ਹੈ।

ਉਨ੍ਹਾਂ ਇਸ ਮੁੱਦੇ ਨੂੰ ਲਾਗੂ ਕਰਨ ਲਈ ਪੂਰਨ ਸਹਿਯੋਗ ਅਤੇ ਲੋੜੀਂਦੀ ਮਦਦ ਦੀ ਪੇਸ਼ਕਸ਼ ਕੀਤੀ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.
7Feb

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com







## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟਿਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664



# ਸੰਜੀਦਾ ਧਿਰਾਂ ਨੂੰ ਨਵੇਂ ਸਿਰਿਉਂ ਪੰਜਾਬ ਬਾਰੇ ਵੀ ਸੋਚਣਾ ਪਵੇਗਾ, ਦੇਸ਼ ਬਾਰੇ ਵੀ

ਜਤਿੰਦਰ ਪਨੂੰ ਦੀ ਕਲਮ ਤੋਂ



ਸਭ ਤੋਂ ਵੱਧ ਆਬਾਦੀ ਵਾਲੇ ਲੋਕਤੰਤਰੀ ਦੇਸ਼ ਭਾਰਤ ਦੀ ਨਵੀਂ ਪਾਰਲੀਮੈਂਟ ਇੱਕ ਵਾਰੀ ਫਿਰ ਚੁਣੇ ਜਾਣ ਮਗਰੋਂ ਦੇਸ਼ ਦੇ ਸੱਤਾ ਸੰਘਰਸ਼ ਵਿੱਚ ਸ਼ਾਮਲ ਹਰ ਛੋਟੀ-ਵੱਡੀ ਧਿਰ ਦੇ ਕੋਲ ਆਪਣੇ ਆਪ ਨੂੰ ਖੁਸ਼ ਕਰਨ ਲਈ ਬਹੁਤ ਕੁਝ ਹੋ ਸਕਦਾ ਹੈ। ਇਸ ਦਾ ਪ੍ਰਗਟਾਵਾ ਵੀ ਉਹ ਪੂਰੇ ਜੋਸ਼ ਨਾਲ ਕਰਦੇ ਹਨ ਤੇ ਉਨ੍ਹਾਂ ਦੇ ਢੰਡੋਰਚੀ ਇਹ ਦਾਅਵਾ ਪ੍ਰਚਾਰਨ ਵਿੱਚ ਕੋਈ ਕਸਰ ਵੀ ਨਹੀਂ ਛੱਡਣਗੇ। ਆਮ ਲੋਕਾਂ ਲਈ ਇਹ ਬੱਸ ਇੱਕ ਚੋਣ ਸੀ, ਓਸੇ ਤਰ੍ਹਾਂ ਦੀ ਇੱਕ ਹੋਰ ਚੋਣ ਕਹਿ ਲਉ, ਜਿੱਦਾਂ ਦੀਆਂ ਕਈ ਚੋਣਾਂ ਉਨ੍ਹਾਂ ਦੇ ਸਿਰਾਂ ਉੱਤੇ ਗੂੰਜਾਂ ਪਾਉਂਦੀਆਂ ਲੰਘ ਜਾਣ ਦੇ ਬਾਵਜੂਦ ਉਨ੍ਹਾਂ ਦੀ ਜ਼ਿੰਦਗੀ ਵਿੱਚ ਕੋਈ ਸੁਧਾਰ ਪਹਿਲਾਂ ਕਦੇ ਆਇਆ ਨਹੀਂ ਤੇ ਅੱਗੋਂ ਆਉਣ ਦੀ ਬਹੁਤੀ ਆਸ ਨਹੀਂ। ਪਿਛਲੀ ਹਰ ਚੋਣ ਵਾਂਗ ਇਸ ਵਾਰ ਵੀ ਲਾਰਿਆਂ ਦਾ ਬੁੱਕ ਸਧਾਰਨ ਬੰਦੇ ਦੀ ਝੋਲੀ ਵਿੱਚਪਾਉਣ ਦੀ ਹਰ ਪਾਰਟੀ ਨੇ ਕੋਸ਼ਿਸ਼ ਕੀਤੀ, ਪਰ ਜਵਾਬੀ ਹੁੰਗਾਰਾਕਿਸੇ ਨੂੰ ਮਿਲਿਆ ਤੇ ਕੋਈ ਇਸ ਹੁੰਗਾਰੇ ਤੋਂ ਇਸ ਲਈ ਰਹਿ ਗਿਆ ਕਿ ਆਮ ਬੰਦਾ ਵਿਚਾਰਾ ਓਸੇ ਵਰਗੀ ਕਿਸੇ ਹੋਰ ਪਾਰਟੀ ਨੂੰ ਆਪਣਾ ਹਿਤੈਸ਼ੀ ਮੰਨ ਕੇ ਹੁੰਗਾਰਾ ਭਰ ਚੁੱਕਾ ਸੀ। ਜਿੰਨੇ ਲਾਰੇ ਤੇ ਵਾਅਦੇ ਆਮ ਲੋਕਾਂ ਦੀ ਝੋਲੀ ਵਿੱਚ ਅੱਜ ਤੱਕ ਪਾਏ ਗਏ ਹਨ, ਉਨ੍ਹਾਂ ਨਾਲ ਗਰੀਬ ਬੰਦੇ ਦੀ ਝੋਲੀ ਪਾਟਣ ਤੱਕ ਆਈ ਹੋ ਸਕਦੀ ਹੈ, ਪਰ ਜੀਵਨ ਵਿੱਚ ਸੁਧਾਰ ਦੀ ਜਿੱਦਾਂ ਦੀ ਉਡੀਕ ਇੰਦਰਾ ਗਾਂਧੀ ਦੇ 'ਗਰੀਬੀ ਹਟਾਉ'ਦਾ ਨਾਅਰਾ ਦੇਣ ਵੇਲੇ ਸੀ, ਉੱਨੀ-ਇੱਕੀ ਦੇ ਫਰਕ ਨਾਲ ਅੱਧੀ ਸਦੀ ਲੰਘ ਜਾਣ ਪਿੱਛੋਂ ਵੀ ਅੱਜ ਤੱਕ ਐਨ ਓਨੀ ਹੀ ਉਡੀਕ ਹੈ, ਸਮੇ ਦੇ ਸਾਲ ਲੰਘਣ ਦਾ ਕੋਈ ਫਰਕ ਨਹੀਂ ਜਾਪਦਾ।

ਜਦੋਂ ਅਸੀਂ ਕਹਿੰਦੇ ਹਾਂ ਕਿ ਸਾਰੀਆਂ ਧਿਰਾਂ ਆਪਣੇ ਆਪ ਨੂੰ ਖੁਸ਼ ਕਰਨ ਵਾਸਤੇਬੜਾ ਕੁਝ ਕਹਿ ਸਕਦੀਆਂ ਹਨ ਤਾਂ ਇਸ ਵਿੱਚ ਸਾਰਿਆਂ ਤੋਂ ਪਹਿਲਾ ਨੰਬਰ ਭਾਰਤੀ ਜਨਤਾ ਪਾਰਟੀ ਅਤੇ ਲਗਾਤਾਰ ਤੀਸਰੀ ਵਾਰੀ ਭਾਰਤ ਦੇਸ਼ ਦੀ ਵਾਗ ਸੰਭਾਲਣ ਵਾਲੇ ਉਸ ਦੇ ਆਗੂਆਂ ਦਾ ਗਿਣਨਾ ਬਣਦਾ ਹੈ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਪਿਛਲੇ ਸਮੇਂ ਵਿੱਚ ਆਮ ਲੋਕਾਂ ਵਿੱਚ ਉਨ੍ਹਾਂ ਦੀ ਸਾਖ ਕਿੰਨੀ ਕੁ ਡਿੱਗੀ ਹੈ, ਸਗੋਂ ਇਸ ਧਾਰਨਾਨੂੰ ਮੰਨਦੇ ਜਾਪਦੇ ਹਨ ਕਿ ਦੇਸ਼ ਦੀ ਸੱਤਾ ਉੱਤੇ ਕਬਜ਼ਾ ਰੱਖਣ ਦੀ ਗੱਲ ਸੀ, ਉਹ ਕੰਮ ਹੋ ਗਿਆ ਹੈ, ਬਾਕੀ ਗੱਲਾਂਸੁਣਨ ਦੀ ਲੋੜ ਨਹੀਂ। ਭਾਰਤ ਦੇ ਲੋਕ ਵੀ 'ਜਿਹੜਾ ਜਿੱਤਿਆ, ਉਹੀ ਸਿਕੰਦਰ' ਦੇ ਮੁਹਾਵਰੇ ਵਾਂਗ ਭਾਜਪਾ ਲੀਡਰਾਂ ਦੀ ਇਸ ਧਾਰਨਾ ਨੂੰ ਮੰਨ ਸਕਦੇ ਹਨ ਤੇ ਨਾ ਵੀ ਮੰਨਣ ਤਾਂ ਇਸਧਾਰਨਾ ਨੂੰ ਕੱਟਣ ਦੀ ਹਸਤੀਅਗਲੇ ਪੰਜ ਸਾਲ ਆਮ ਲੋਕਾਂ ਦੀ ਨਹੀਂ। ਚੋਣ ਅੰਕੜੇ ਫੋਲਣ ਵਾਲੇ ਲੇਖਕ ਇਹ ਕਬਾੜ ਫੋਲਦੇ ਰਹਿਣਗੇ ਕਿ ਭਾਜਪਾ ਪੰਜ ਸਾਲ ਪਹਿਲਾਂ ਆਪਣੇ ਸਿਰ ਪੰਜ ਸੌ ਤਿਰਤਾਲੀ ਮੈਂਬਰੀ ਲੋਕ ਸਭਾ ਵਿੱਚ ਤਿੰਨ ਸੌ ਤਿੰਨ ਸੀਟਾਂ ਜਿੱਤ ਗਈ ਅਤੇ ਇਸ ਵਾਰੀ ਮਸਾਂ ਦੋ ਸੌ ਚਾਲੀ ਸੀਟਾਂ ਜਿੱਤ ਸਕੀ ਹੈ, ਆਮ ਆਦਮੀ ਨੂੰ ਇਸ ਨਾਲ ਕਿਸੇ ਤਰ੍ਹਾਂ ਦਾ ਫਰਕ ਇਸ ਲਈ ਨਹੀਂ ਪੈਂਦਾ ਕਿ ਸਰਕਾਰ ਫਿਰ ਓਸੇ ਪਾਰਟੀ ਦੀ ਹੈ, ਜਿਸ ਦੀ ਪਹਿਲਾਂ ਚੱਲਦੀ ਸੀ।

ਵਿਰੋਧੀ ਧਿਰ ਦੀ ਅਗਵਾਈ ਕਰਦੀ ਕਾਂਗਰਸ ਪਾਰਟੀ ਦੇ ਲੀਡਰ ਖੁਸ਼ ਹਨ ਕਿ ਉਹ ਪਿਛਲੀ ਵਾਰ ਪੰਜਾਹ ਸੀਟਾਂ ਤੋਂ ਜ਼ਰਾ ਵੱਧ ਗਿਣਤੀ ਨਾਲ ਲੋਕ ਸਭਾ ਵਿੱਚ ਊਣੇ-ਪੌਣੇ ਦਿੱਸਦੇ ਸਨ, ਪਰ ਇਸ ਵਾਰੀ ਉਹ ਸੈਂਕੜੇ ਤੋਂ ਜ਼ਰਾ ਕੁ ਨੀਵੇਂ, ਮਸਾਂ ਇੱਕ ਸੀਟ ਘੱਟ ਨਾਲ ਮੁੱਖ ਵਿਰੋਧੀ ਧਿਰ ਵਾਲਾ ਦਰਜਾ ਮਾਣ ਸਕਦੇ ਹਨ। ਇਸ ਵਾਧੇ ਵਿੱਚ ਉਨ੍ਹਾਂ ਦੀ ਲੀਡਰਸ਼ਿਪ ਵਿੱਚੋਂ ਜੇ ਕਿਸੇ ਦਾ ਬਹੁਤਾ ਵੱਡਾ ਯੋਗਦਾਨ ਆਮ ਲੋਕਾਂ ਦੀ ਨਜ਼ਰ ਵਿੱਚ ਹੋ ਸਕਦਾ ਹੈ ਤਾਂ ਉਹ ਕਾਂਗਰਸ ਦੀ ਅਗਵਾਈ ਕਰਦੇ ਪਰਵਾਰ ਦੀ ਆਸ ਸਮਝੇ ਜਾਂਦੇ ਰਾਹੁਲ ਗਾਂਧੀ ਦਾ ਓਨਾ ਨਹੀਂ, ਜਿੰਨਾ ਉਸ ਦੀ ਵੱਡੀ ਭੈਣ ਤੇ ਪਾਰਟੀ ਦੀ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਦਾ ਹੈ। ਉਸ ਦੀ ਪ੍ਰਚਾਰ ਮੁਹਿੰਮ ਵੀ ਹਰ ਹੋਰ ਆਗੂ ਨਾਲੋਂ ਵੱਧ ਅਕਲ ਅਤੇ ਯੋਜਨਾਬੰਦੀ ਵਾਲੀ ਸੀ ਤੇ ਸਭ ਤੋਂ ਵੱਡੀ ਗੱਲ ਕਿ ਉਸ ਦੇ ਭਾਸ਼ਣਾਂ ਵਿੱਚ ਅਪੀਲ ਦੇ ਨਾਲ ਦਲੀਲ ਹੁੰਦੀ ਸੀ, ਵਿਰੋਧ ਦੀ ਧਿਰ ਨੂੰ ਅੱਗੋਂ ਉਸੇ ਵਾਂਗ ਠਿੱਠ ਕਰਦੇ ਟੋਟਕਿਆਂ ਦੀ ਥਾਂ ਆਮ ਲੋਕਾਂ ਨੂੰ ਇਹ ਸਮਝਾਉਣ ਵਾਲੀ ਹੁੰਦੀ ਸੀ ਕਿ ਭਾਜਪਾਵੱਲੋਂ ਦੇਸ਼ ਦਾ ਆਗੂ ਬਣਾਇਆ ਗਿਆਵਿਅਕਤੀ ਕਿੰਨੇ ਹਲਕੇ ਪੱਧਰ ਦੀਆਂ ਗੱਲਾਂ ਕਰਦਾ ਹੈ। ਰਾਹੁਲ ਗਾਂਧੀ ਕਿਤੇ ਵੀ ਭਾਸ਼ਣ ਕਰਦਾ ਸੀ ਤਾਂ ਉਸ ਦੀ ਪਾਰਟੀ ਅਤੇ ਆਮ ਸਮੱਰਥਕਾਂ ਨੂੰ ਇਹ ਚਿੰਤਾ ਰਹਿੰਦੀ ਸੀ ਕਿ ਉਹ ਕੋਈ ਇਹੋ ਜਿਹੀ ਗੱਲ ਨਾ ਕਹਿ ਦੇਵੇ ਕਿ ਇੱਕ ਅਦਾਲਤੀ ਮੁਕੱਦਮਾ ਹੋਰ ਬਣਾ ਬਹਿੰਦਾ ਹੋਵੇ, ਪਰ ਪ੍ਰਿਅੰਕਾ ਗਾਂਧੀ ਦੇ ਭਾਸ਼ਣਾਂ ਦੇ ਦੌਰਾਨ ਏਦਾਂ ਕੋਈ ਚਿੰਤਾ ਕਿਸੇ ਆਗੂ ਦੇ ਚਿਹਰੇ ਉੱਤੇ ਨਹੀਂ ਸੀ ਵੇਖੀ ਜਾਂਦੀ। ਪ੍ਰਿਅੰਕਾ ਕੋਲ ਸ਼ਬਦਾਵਲੀ ਦਾ ਭੰਡਾਰ ਹੁੰਦਾ ਸੀ, ਗੱਲ ਕਹਿਣ ਦਾ ਅੰਦਾਜ਼ ਵੀ ਅਤੇਰਾਜਨੀਤਕ ਖੇਤਰ ਦੇ ਬਹੁਤ ਸਾਰੇ ਮਾਹਰਾਂ ਦੀ ਇਹ ਰਾਏ ਸੀ ਉਸ ਦੇ ਭਾਸ਼ਣਾਂ ਵਿੱਚ ਪੁਰਾਣੇ ਸਮੇਂ ਦੇ ਸੁਲਝੇ ਹੋਏ ਆਗੂਆਂ ਵਾਲਾ ਠਹਿਰਾਉ ਅਤੇ ਵਿਆਕਰਨ ਦੀ ਰਵਾਨੀ ਵੀ ਸਪੱਸ਼ਟ ਲੱਭ ਜਾਇਆ ਕਰਦੀ ਸੀ।

ਅਗਲੀ ਗੱਲ ਇਹ ਕਿ ਨਹਿਰੂ-ਗਾਂਧੀ ਖਾਨਦਾਨ ਦੇ ਵੱਕਾਰ ਦਾ ਪ੍ਰਤੀਕ ਬਣਿਆ ਅਮੇਠੀ ਹਲਕਾ ਐਤਕੀਂ ਭਾਜਪਾ ਤੋਂ ਕਾਂਗਰਸ ਨੇ ਛੁਡਾ ਲਿਆਅਤੇ ਓਥੋਂ ਪਿਛਲੀ ਵਾਰੀ ਜਿੱਤਣ ਵਾਲੀ ਭਾਜਪਾ ਆਗੂ ਸਮ੍ਰਿਤੀ ਇਰਾਨੀ ਨੂੰ ਤਕੜਾ ਝਟਕਾ ਲੱਗਾ ਹੈ, ਪਰ ਇਹ ਝਟਕਾ ਇਕੱਲੀ ਨੂੰ ਨਹੀਂ ਲੱਗਾ, ਇਸ ਵਾਰ ਉੱਤਰ ਪ੍ਰਦੇਸ਼ ਵਿੱਚ ਸਾਰੀ ਭਾਜਪਾ ਨੂੰ ਲੱਗਾ ਹੈ। ਭਾਰਤ ਦੇ ਸਭ ਤੋਂ ਵੱਡੇ ਇਸ ਰਾਜ ਵਿੱਚ ਪੰਜ ਸਾਲ ਪਹਿਲਾਂ ਕੁੱਲ ਅੱਸੀ ਸੀਟਾਂ ਵਿੱਚੋਂ ਬਾਹਠ ਜਿੱਤਣ ਵਾਲੀ ਭਾਜਪਾ ਇਸ ਵਾਰੀ ਮਸਾਂ ਤੇਤੀ ਸੀਟਾਂ ਜਿੱਤ ਸਕੀ ਹੈ, ਜਦ ਕਿ ਉਸ ਦੇ ਵਿਰੋਧੀ ਸਮਾਜਵਾਦੀ ਪਾਰਟੀ ਤੇ ਕਾਂਗਰਸ ਦੇ ਗੱਠਜੋੜ ਨੇ ਤਿਰਤਾਲੀ ਜਿੱਤ ਲਈਆਂ ਹਨ। ਏਦੂੰ ਵੀ ਵੱਡੀ ਸੱਟ ਭਾਜਪਾ ਨੂੰ ਤਿੰਨ ਹੋਰ ਗੱਲਾਂ ਨਾਲ ਪਈ ਮੰਨੀ ਜਾ ਸਕਦੀ ਹੈ। ਇੱਕ ਤਾਂ ਇਹ ਕਿ ਕਿਸਾਨ ਅੰਦੋਲਨ ਵੇਲੇ ਜਿਸ ਕੇਂਦਰੀ ਮੰਤਰੀ ਅਜੇ ਕੁਮਾਰ ਮਿਸ਼ਰਾ ਦੇ ਪੁੱਤਰ ਨੇ ਜੀਪ ਚਾੜ੍ਹ ਕੇ ਚਾਰ ਕਿਸਾਨ ਅਤੇ ਇੱਕ ਮੀਡੀਆ ਵਾਲੇ ਨੂੰ ਮਾਰ ਦਿੱਤਾ ਸੀ, ਉਹ ਆਪਣੇ ਹਲਕੇ ਖੇੜੀ ਤੋਂ ਇਸ ਵਾਰ ਪਾਰ ਨਹੀਂ ਲੱਗ ਸਕਿਆ। ਦੂਸਰੀ ਇਹ ਕਿ ਜਿਸ ਅਯੁੱਧਿਆ ਵਿੱਚ ਬਾਬਰੀ ਮਸਜਿਦ ਢਾਹ ਕੇ ਰਾਮ ਜਨਮ ਭੂਮੀ ਮੰਦਰ ਬਣਾਉਣ ਤੋਂ ਭਾਜਪਾ ਚਾਲੀ ਕੁ ਸਾਲ ਪਹਿਲਾਂ ਤੁਰੀ ਸੀ ਅਤੇ ਓਦੋਂ ਦੀਆਂ ਕੁੱਲ ਦੋ ਸੀਟਾਂ ਤੋਂ ਚੱਲ ਕੇ ਦੇਸ਼ ਦੀ ਵਾਗ ਸਾਂਭਣ ਜੋਗੀ ਹੋਈ ਸੀ, ਉਸ ਅਯੁੱਧਿਆ ਦੀ ਸੀਟ ਭਾਜਪਾ ਨਹੀਂ ਬਚਾ ਸਕੀ। ਅਯੁੱਧਿਆ ਪਹਿਲਾਂ ਛੋਟਾ ਸ਼ਹਿਰ ਤੇ ਫੈਜ਼ਾਬਾਦ ਜ਼ਿਲੇ ਦਾ ਹਿੱਸਾ ਸੀ, ਨਰਿੰਦਰ ਮੋਦੀ ਸਰਕਾਰ ਬਣਨ ਪਿੱਛੋਂ ਫੈਜ਼ਾਬਾਦ ਨੂੰ ਅਯੁੱਧਿਆ ਜ਼ਿਲੇ ਦਾ ਹਿੱਸਾ ਬਣਾਇਆ ਗਿਆ, ਪਰ ਲੋਕ ਸਭਾ ਸੀਟ ਅਜੇ ਵੀ ਫੈਜ਼ਾਬਾਦ ਦੇ ਨਾਂਅ ਉੱਪਰ ਹੈ ਤੇ ਅਗਲੀ ਹੱਦਬੰਦੀ ਤੱਕ ਸ਼ਾਇਦ ਏਦਾਂ ਹੀ ਰਹੇਗੀ। ਓਥੋਂ ਭਾਜਪਾ ਦਾ ਦੋ ਵਾਰੀ ਦਾ ਪਾਰਲੀਮੈਂਟ ਮੈਂਬਰ ਇਸ ਵਾਰੀ ਓਦੋਂ ਹਾਰ ਗਿਆ, ਜਦੋਂ ਰਾਮ ਮੰਦਰ ਦੀ ਉਸਾਰੀ ਮੁਕੰਮਲ ਕਹਿ ਕੇ ਉਸ ਮੰਦਰ ਦੀ 'ਪ੍ਰਾਣ ਪ੍ਰਤਿਸ਼ਠਾ' ਦਾ ਸਮਾਗਮ ਵੀ ਕੀਤਾ ਜਾ ਚੁੱਕਾ ਸੀ ਤੇ ਲੋਕਾਂ ਨੂੰ ਕਿਹਾ ਗਿਆ ਸੀ ਕਿ 'ਚਿਰਾਂ ਦੀ ਸਾਧਨਾ ਪੂਰੀ ਕਰ ਦਿੱਤੀ ਗਈ ਹੈ', ਪਰ ਇਸ ਦੇ ਬਾਵਜੂਦ ਅਯੁੱਧਿਆ ਦੇ ਲੋਕ ਭਾਜਪਾ ਮਗਰ ਨਹੀਂ ਭੁਗਤੇ। ਜਿਸ ਸ਼ਹਿਰ ਨੂੰ ਉਹ ਪਾਰਟੀ ਸਾਰੀ ਦੁਨੀਆ ਦੀਆਂ ਨਜ਼ਰਾਂ ਵਿੱਚ ਉਭਾਰਦੀ ਰਹੀ, ਉਸ ਦੇ ਲੋਕ ਉਸ ਨਾਲ ਕਿਉਂ ਨਹੀਂ ਰਹੇ, ਇਸ ਦੀ ਚੀਰ-ਪਾੜ ਭਾਜਪਾ ਨੇ ਓਨੀ ਨਹੀਂ ਕਰਨੀ, ਜਿੰਨੀ ਉਸ ਦੇ ਵਿਰੋਧੀ ਕਰਦੇ ਪਏ ਹਨ। ਦੱਸਿਆ ਜਾਂਦਾ ਹੈ ਕਿ ਮੰਦਰ ਉਸਾਰੀ ਵਾਲੇ ਕੰਮਾਂ ਬਹਾਨੇ ਕਾਫੀ ਵੱਡੀ ਪੱਧਰ ਉੱਤੇ ਜਿਹੜਾ ਭ੍ਰਿਸ਼ਟਾਚਾਰ ਹੁੰਦਾ ਰਿਹਾ, ਉਹ ਵੀ ਭਾਜਪਾ ਨੂੰ ਏਡੀ ਵੱਡੀ ਮਾਰ ਪੈਣ ਦਾ ਇੱਕ ਵੱਡਾ ਕਾਰਨ ਬਣ ਗਿਆ ਸੀ ਅਤੇ ਭਾਜਪਾ ਲੀਡਰਾਂ ਵੱਲੋਂ ਛੱਡੇ ਹਵਾਈ ਤੀਰ ਵੀ ਉਸ ਨਗਰੀ ਦੇ ਲੋਕਾਂ ਨੇ ਪਸੰਦ ਨਹੀਂ ਕੀਤੇ।

ਇਨ੍ਹਾਂ ਸਭ ਗੱਲਾਂ ਨਾਲੋਂ ਵੱਡੀ ਟੀਸ ਦੇਣ ਵਾਲੀ ਸੱਟ ਇਸ ਵਾਰੀ ਭਾਜਪਾ ਨੂੰ ਜਿਹੜੀ ਪਈ ਹੈ, ਉਹਵੱਡੀ ਚਰਚਾ ਦਾ ਵਿਸ਼ਾ ਨਹੀਂ ਬਣ ਸਕੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਵਾਰਾਣਸੀ ਸੀਟ ਤੋਂ ਪਹਿਲੀ ਵਾਰ ਜਦੋਂ ਚੋਣ ਜਿੱਤੇ ਤਾਂ ਜਿੱਤ ਦਾ ਫਰਕ ਤਿੰਨ ਲੱਖ ਇਕੱਤਰ ਹਜ਼ਾਰ ਤੋਂ ਵੱਧ ਸੀ, ਦੂਸਰੀ ਵਾਰੀ ਜਿੱਤ ਦਾ ਫਰਕ ਵਧ ਕੇ ਚਾਰ ਲੱਖ ਉਨਾਸੀ ਹਜ਼ਾਰ ਤੋਂ ਵੱਧ ਹੋ ਗਿਆ, ਪਰਐਤਕੀਂ ਤੀਸਰੀ ਵਾਰੀ ਉਹ ਇੱਕ ਲੱਖ ਬਵੰਜਾ ਹਜ਼ਾਰ ਪੰਜ ਸੌ ਤੇਰਾਂ ਤੱਕ ਆਣ ਡਿੱਗਾ ਹੈ। ਪਹਿਲੀ ਚੋਣ ਵੇਲੇ ਨਰਿੰਦਰ ਮੋਦੀ ਦੀਆਂ ਵੋਟਾਂ ਪੰਜ ਲੱਖ ਇਕਾਸੀ ਹਜ਼ਾਰ ਨੂੰ ਟੱਪ ਗਈਆਂ, ਦੂਸਰੀ ਚੋਣ ਵੇਲੇ ਹੋਰ ਵਧ ਕੇ ਛੇ ਲੱਖ ਚੁਹੱਤਰ ਹਜ਼ਾਰ ਤੋਂ ਟੱਪ ਗਈਆਂ ਅਤੇ ਇਸ ਤੀਸਰੀ ਵਾਰੀ ਵਧਣ ਦੀ ਥਾਂ ਘਟ ਕੇ ਛੇ ਲੱਖ ਤੇਰਾਂ ਹਜ਼ਾਰ ਤੋਂ ਹੇਠਾਂ ਰਹਿ ਗਈਆਂ ਹਨ। ਜਿਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਸਾਰ ਦੀ ਸਿਖਰਲੀ ਪ੍ਰਸਿੱਧ ਸ਼ਖਸੀਅਤ ਕਹਿ ਕੇ ਪ੍ਰਚਾਰਿਆ ਜਾਂਦਾ ਸੀ, ਆਪਣੇ ਹਲਕੇ ਵਾਰਾਣਸੀ ਵਿੱਚ ਉਸ ਦੀ ਜਨਤਕ ਹਮਾਇਤ ਘਟਦੀ ਜਾਣ ਵਾਲਾ ਕਾਰਨ ਭਾਜਪਾ ਵਾਲਿਆਂ ਨੂੰ ਲੱਭਣਾ ਤੇ ਭਵਿੱਖ ਵਿੱਚ ਹੋਰ ਘਟਣ ਤੋਂ ਰੋਕਣ ਬਾਰੇ ਸੋਚਣਾ ਪਵੇਗਾ ਤੇ ਉਨ੍ਹਾਂ ਦੇ ਨਾਲ ਬਾਕੀ ਪਾਰਟੀਆਂ ਨੂੰ ਵੀ ਇਹ ਸਮਝਣਾ ਪਵੇਗਾ ਕਿ ਇਸ ਦੇਸ਼ ਦੇ ਲੋਕ ਕਿਸੇ ਵੀ ਲੀਡਰ ਦੇ ਪਾਵੇ ਨਾਲ ਨਹੀਂ ਬੱਝੇ ਰਹਿੰਦੇ।

ਸਾਡੇ ਪੰਜਾਬ ਦਾ ਰਾਜ ਮਾਣਦੀ ਆਮ ਆਦਮੀ ਪਾਰਟੀ ਨੂੰ ਵੀ ਸੱਟ ਪਈ ਹੈ। ਉਸ ਦਾ ਸਭ ਤੇਰਾਂ ਸੀਟਾਂ ਜਿੱਤ ਲੈਣ ਦਾ ਦਾਅਵਾ ਲੋਕਾਂ ਨੇ ਪੂਰਾ ਨਹੀਂ ਹੋਣ ਦਿੱਤਾ ਅਤੇ ਤਿੰਨ ਸੀਟਾਂ ਮਿਲ ਸਕੀਆਂ ਹਨ। ਇਸ ਪਾਰਟੀ ਦਾ ਦੇਸ਼ ਦੀ ਰਾਜਧਾਨੀ ਵਿੱਚ ਕਾਂਗਰਸ ਨਾਲ ਮਿਲ ਕੇ ਸੱਤ ਦੀਆਂ ਸੱਤ ਸੀਟਾਂ ਜਿੱਤ ਲੈਣ ਦਾ ਦਾਅਵਾ ਵੀ ਓਥੇ ਲੋਕਾਂ ਨੇ ਪੂਰਾ ਨਹੀਂ ਹੋਣ ਦਿੱਤਾ, ਸਗੋਂ ਇਹ ਦੋਵੇਂ ਧਿਰਾਂ ਮਿਲ ਕੇ ਵੀ ਓਥੇ ਕੋਈ ਸੀਟ ਨਹੀਂ ਜਿੱਤ ਸਕੀਆਂ। ਅਜੇ ਤੱਕ ਦਿੱਲੀ ਵਿੱਚ ਦੋਵੇਂ ਧਿਰਾਂ ਵੱਖੋ-ਵੱਖ ਚੱਲਦੀਆਂ ਤੇ ਮਾਰ ਖਾਂਦੀਆਂ ਸਨ, ਐਤਕੀਂ ਇਕੱਠੇ ਹੋਣਾ ਵੀ ਰਾਸ ਨਹੀਂ ਆਇਆ ਅਤੇ ਬਾਕੀ ਰਾਜਾਂ ਵਿੱਚ ਵੀ ਆਸ ਨੂੰ ਬੂਰ ਨਹੀਂ ਪੈ ਸਕਿਆ। ਆਮ ਆਦਮੀ ਪਾਰਟੀ ਨੂੰ ਪੰਜਾਬ ਵਿੱਚ ਆਪਣੇ ਵਿਧਾਇਕਾਂ ਤੇ ਵਜ਼ੀਰਾਂ ਉੱਤੇ ਲਗਾਤਾਰ ਲੱਗਦੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਬਾਰੇ ਨਵੇਂ ਸਿਰੇ ਤੋਂ ਸੋਚਣਾ ਪਵੇਗਾ, ਵਰਨਾਭਵਿੱਖ ਵਿੱਚ ਉਸ ਪਾਰਟੀ ਨੂੰ ਅਜੇ ਹੋਰ ਝਟਕੇ ਲੱਗ ਸਕਦੇ ਹਨ। ਉਸ ਦੀ ਅਗਲੀ ਪਹਿਲੀ ਪਰਖ ਪੰਜਾਬ ਦੇ ਚਾਰ ਵਿਧਾਇਕ ਪਾਰਲੀਮੈਂਟ ਵਿੱਚ ਪਹੁੰਚ ਜਾਣ ਅਤੇ ਇੱਕ ਹੋਰ ਦਾ ਅਸਤੀਫਾ ਪ੍ਰਵਾਨ ਹੋਣ ਕਾਰਨ ਖਾਲੀ ਹੋਈਆਂ ਛੇ ਸੀਟਾਂ ਦੀ ਸਾਹਮਣੇ ਆਈ ਉੱਪ ਚੋਣ ਵਿੱਚ ਹੋ ਜਾਣੀ ਹੈ ਅਤੇ ਉਨ੍ਹਾਂ ਦੇ ਬਾਅਦ ਸ਼ਹਿਰਾਂ ਦੀਆਂ ਕੌਂਸਲਾਂ ਤੇ ਪਿੰਡਾਂ ਵਿੱਚ ਪੰਚਾਇਤਾਂ ਦੀਆਂ ਚੋਣਾਂ ਵੀ ਹੋਣ ਵਾਲੀਆਂ ਹਨ।

ਫਿਰ ਵੀ ਸਾਡੇ ਪੰਜਾਬ ਦੇ ਲੋਕਾਂ ਲਈ ਇਸ ਲੋਕ ਸਭਾ ਚੋਣ ਦਾ ਸਭ ਤੋਂ ਵੱਧ ਧਿਆਨ ਮੰਗਦਾ ਪੱਖ ਅਕਾਲੀ ਦਲ ਅਤੇ ਭਾਜਪਾ ਦੀ ਕਾਰਗੁਜ਼ਾਰੀ ਦਾ ਹੈ। ਅਕਾਲੀ ਦਲ ਨੇ ਬਠਿੰਡਾ ਦੀ ਇਕਲੌਤੀ ਜਿੱਤਣ ਨਾਲ ਲੋਕਾਂ ਮੂਹਰੇ ਜਾਣ ਦਾ ਰਾਹ ਤਾਂ ਕੱਢ ਲਿਆ ਹੈ, ਪਰ ਉਸ ਦੀ ਵੋਟ ਫੀਸਦੀ ਬੁਰੀ ਤਰ੍ਹਾਂ ਡਿੱਗ ਪਈ ਹੈ, ਜਦ ਕਿ ਭਾਜਪਾ ਨੇ ਲੋਕ ਸਭਾ ਦੀ ਸੀਟ ਭਾਵੇਂ ਕੋਈ ਨਹੀਂ ਜਿੱਤੀ, ਉਸ ਨੇ ਵੋਟ ਫੀਸਦੀ ਨਾਲ ਆਪਣਾ ਜਨਤਕ ਆਧਾਰ ਅਕਾਲੀ ਦਲ ਨਾਲੋਂ ਵਧੇਰੇ ਹੋਣ ਦੀ ਝਲਕ ਦੇ ਦਿੱਤੀ ਹੈ, ਜਿਹੜੀ ਪੰਜਾਬ ਦੀ ਭਵਿੱਖ ਦੀ ਰਾਜਨੀਤੀ ਨੂੰ ਪ੍ਰਭਾਵਤ ਕਰ ਸਕਦੀ ਹੈ। ਅਕਾਲੀ ਦਲ ਪੰਜਾਬ ਦੀਆਂ ਸਿਰਫ ਨੌਂ ਵਿਧਾਨ ਸਭਾ ਸੀਟਾਂ ਉੱਤੇ ਬਾਕੀ ਪਾਰਟੀਆਂ ਨੂੰ ਪਛਾੜ ਕੇ ਪਹਿਲੇ ਨੰਬਰ ਉੱਤੇ ਰਿਹਾ ਹੈ, ਪਰ ਭਾਜਪਾ ਤੇਈ ਸੀਟਾਂ ਤੋਂ ਪਹਿਲੇ ਨੰਬਰ ਉੱਤੇ ਆਈ ਹੈ। ਇਹ ਗੱਲ ਵੀ ਕਈ ਲੋਕ ਨੋਟ ਕਰ ਰਹੇ ਹਨ ਕਿ ਪਹਿਲੇ ਥਾਂ ਆਉਣ ਵਿੱਚ ਕਾਂਗਰਸ ਪਾਰਟੀ ਐਤਕੀਂ ਆਮ ਆਦਮੀ ਪਾਰਟੀ ਨੂੰ ਪਛਾੜ ਕੇ ਅੱਗੇ ਹੋ ਗਈ ਹੈ, ਪਰ ਉਨ੍ਹਾਂ ਦੋਵਾਂ ਧਿਰਾਂ ਦੀ ਖਹਿਬਾਜ਼ੀ ਪਾਸੇ ਰੱਖ ਕੇ ਲੋਕ ਇਹ ਵੇਖ ਰਹੇ ਹਨ ਕਿ ਭਾਜਪਾ ਪੰਜਾਬ ਵਿੱਚ ਏਨੀ ਤੇਜ਼ੀ ਨਾਲ ਉੱਭਰੀ ਹੈ ਕਿ ਅਗਲੀ ਵਿਧਾਨ ਸਭਾ ਚੋਣ ਜਦੋਂ ਤਿੰਨ ਸਾਲ ਬਾਅਦ ਹੋਣੀ ਹੈ, ਓਦੋਂ ਉਹ ਬਾਕੀ ਸਭ ਧਿਰਾਂ ਅੱਗੇ ਵੱਡੀ ਚੁਣੌਤੀ ਬਣ ਸਕਦੀ ਹੈ। ਪੰਜਾਬ ਵਿੱਚ ਜਿਹੜੀਆਂ ਪੰਜ ਸੀਟਾਂ ਲੋਕ ਸਭਾ ਚੋਣ ਜਿੱਤ ਗਏ ਵਿਧਾਇਕਾਂ ਕਾਰਨ ਖਾਲੀ ਹੋਈਆਂ ਹਨ ਅਤੇ ਓਥੇ ਉੱਪ ਚੋਣ ਕਰਾਉਣੀ ਪੈਣੀ ਹੈ, ਉਨ੍ਹਾਂ ਦੀ ਹਾਲਤ ਸਾਡੀ ਇਸ ਧਾਰਨਾ ਦੀ ਪੁਸ਼ਟੀ ਅਗਲੇ ਦਿਨੀਂ ਕਰ ਸਕਦੀ ਹੈ। ਗੁਰਦਾਸਪੁਰੋਂ ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ ਦੀ ਜਿੱਤ ਹੋਈ ਤਾਂ ਦੂਜੇ ਥਾਂ ਭਾਜਪਾ ਰਹੀ ਹੈ, ਉਸ ਲੋਕ ਸਭਾ ਸੀਟ ਦੇ ਨੌਂ ਵਿਧਾਨ ਸਭਾ ਹਲਕਿਆਂ ਵਿੱਚੋਂ ਛੇ ਥਾਂਈਂ ਕਾਂਗਰਸ ਅੱਗੇ ਤੇ ਤਿੰਨ ਥਾਂ ਭਾਜਪਾ ਅੱਗੇ ਹੈ, ਆਮ ਆਦਮੀ ਪਾਰਟੀ ਜਾਂ ਅਕਾਲੀ ਨਹੀਂ ਆਏ। ਹੁਸ਼ਿਆਰਪੁਰ ਸੀਟ ਆਮ ਆਦਮੀ ਪਾਰਟੀ ਨੇ ਜਿੱਤ ਲਈ ਤਾਂ ਇਸ ਦੇ ਨੌਂ ਵਿਧਾਨ ਸਭਾ ਹਲਕਿਆਂ ਤੋਂ ਚਾਰ ਸੀਟਾਂ ਉੱਤੇ ਇਸ ਪਾਰਟੀ ਦਾ ਪਹਿਲਾ ਨੰਬਰ ਸੀ, ਤਿੰਨ ਉੱਤੇ ਭਾਜਪਾ ਤੇ ਦੋ ਸੀਟਾਂ ਉੱਤੇ ਕਾਂਗਰਸ ਦਾ, ਅਕਾਲੀ ਦਲ ਕਿਤੇ ਨਹੀਂ ਸੀ। ਹੈਰਾਨੀ ਦੀ ਗੱਲ ਹੈ ਕਿ ਲੁਧਿਆਣਾ ਸੀਟ ਕਾਂਗਰਸ ਨੇ ਜਿੱਤੀ ਹੈ, ਪਰ ਪੰਜ ਸੀਟਾਂ ਉੱਤੇ ਭਾਜਪਾ ਅੱਗੇ ਹੈ, ਸਿਰਫ ਚਾਰ ਸੀਟਾਂ ਉੱਤੇ ਚੋਖੀ ਵੱਧ ਮਿਲੀ ਵੋਟ ਕਾਰਨ ਕਾਂਗਰਸ ਜਿੱਤ ਗਈ ਹੈ। ਚੋਣ ਨਤੀਜਾ ਨਿਕਲਦੇ ਸਾਰ ਭਾਜਪਾ ਲੀਡਰਾਂ ਨੇ ਕਹਿ ਦਿੱਤਾ ਹੈ ਕਿ ਪਾਰਲੀਮੈਂਟ ਸੀਟ ਤਾਂ ਗਈ, ਨਗਰ ਨਿਗਮ ਚੋਣਾਂ ਵਿੱਚ ਕਾਂਗਰਸ ਤੇ ਆਮ ਆਦਮੀ ਪਾਰਟੀ ਨੂੰ ਸਬਕ ਸਿਖਾ ਦੇਣਗੇ। ਅਕਾਲੀ ਦਲ ਕਿਸੇ ਵੀ ਥਾਂ ਏਡਾ ਦਾਅਵਾ ਕਰਨ ਜੋਗਾ ਨਹੀਂ ਜਾਪਦਾ ਅਤੇ ਬਾਕੀ ਪਾਰਟੀਆਂ ਦੇ ਆਗੂ ਵੀ ਬਾਹਰ ਕੁਝ ਕਹਿੰਦੇ ਰਹਿਣ ਜਾਂ ਨਾ, ਅੰਦਰੋ-ਅੰਦਰੀ ਇਹ ਮਹਿਸੂਸ ਕਰਦੇ ਅਤੇ ਆਪਣੇ ਨੇੜਲੇ ਘੇਰੇ ਅੰਦਰ ਕਹਿੰਦੇ ਹਨ ਕਿ ਸੀਟਾਂ ਨਹੀਂ ਮਿਲੀਆਂ ਤਾਂ ਕੀ, ਭਾਜਪਾ ਪੰਜਾਬ ਵਿੱਚ ਆਪਣੇ ਸਿਰ ਰਾਜਨੀਤੀ ਦੀ ਇੱਕ ਵੱਡੀ ਧਿਰ ਬਣ ਗਈ ਹੈ।

ਜਿਹੜੀ ਭਾਰਤੀ ਜਨਤਾ ਪਾਰਟੀ ਸਾਰੇ ਭਾਰਤ ਵਿੱਚ ਅੱਗੇ ਵਧਣ ਦੀ ਬਜਾਏ, ਅਯੁੱਧਿਆ ਵਰਗੀਆਂ ਥਾਂਵਾਂ ਤੋਂ ਵੀ ਪਛੜੀ ਦਿੱਸਦੀ ਹੈ, ਪੰਜਾਬ ਵਿੱਚ ਉਸ ਵੱਲੋਂ ਕੋਈ ਵੀ ਸੀਟ ਨਾ ਜਿੱਤਣ ਦੇ ਬਾਵਜੂਦ ਉਹ ਜਿੱਦਾਂ ਦੀ ਅਗੇਤ ਲੈਣ ਵਿੱਚ ਕਾਮਯਾਬ ਰਹੀ ਹੈ, ਉਹ ਬਾਰੇ ਕਦੇ ਕਿਸੇ ਨੇ ਨਹੀਂ ਸੀ ਸੋਚਿਆ। ਪੰਜਾਬ ਦੀਆਂ ਸਭ ਸਿਆਸੀ ਧਿਰਾਂ ਦੇ ਲੀਡਰਾਂ ਨੂੰ ਇਸ ਰਾਜ ਦੀ ਰਾਜਨੀਤੀ ਵਿੱਚ ਇਹੋ ਜਿਹੇ ਨਵੇਂ ਉੱਸਲਵੱਟੇ ਬਾਰੇ ਵੀ ਨਵੇਂ ਸਿਰਿਉਂ ਸੋਚਣ ਦੀ ਲੋੜ ਪੈ ਸਕਦੀ ਹੈ।

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਵਿਦੇਸ਼ ਵਿੱਚ ਐਮਬੀਬੀਸੀ ਦਾ ਅਧਿਐਨ ਕਰੋ: ਇੱਕ ਸਫਲ ਮੈਡੀਕਲ ਕਰੀਅਰ ਦਾ ਇੱਕ ਗੇਟਵੇ

-ਵਿਜੈ ਗਰਗ-

ਵਿਦੇਸ਼ ਵਿੱਚ ਐਮਬੀਬੀਸੀ ਦਾ ਅਧਿਐਨ ਕਰੋ: ਡਾਕਟਰ ਬਣਨਾ ਬਹੁਤ ਸਾਰੇ ਲੋਕਾਂ ਲਈ ਇੱਕ ਸੁਪਨਾ ਹੁੰਦਾ ਹੈ, ਪਰ ਨੀਟ ਵਰਗੀਆਂ ਪ੍ਰੀਖਿਆਵਾਂ ਵਿੱਚ ਸਖ਼ਤ ਮੁਕਾਬਲਾ ਬਹੁਤ ਸਾਰੇ ਵਿਦਿਆਰਥੀਆਂ ਲਈ ਭਾਰਤ ਵਿੱਚ ਮੈਡੀਕਲ ਕਾਲਜ ਵਿੱਚ ਦਾਖਲਾ ਲੈਣਾ ਮੁਸ਼ਕਲ ਬਣਾਉਂਦਾ ਹੈ। ਫਿਰ ਵੀ, ਹੁਨਰਮੰਦ ਡਾਕਟਰਾਂ ਦੀ ਲੋੜ ਪਹਿਲਾਂ ਵਾਂਗ ਹੀ ਰਹਿੰਦੀ ਹੈ। ਵਿਦੇਸ਼ ਵਿੱਚ ਐਮਬੀਬੀਸੀ ਦਾ ਅਧਿਐਨ ਕਰਨਾ ਮੌਕਿਆਂ ਦਾ ਇੱਕ ਦਰਵਾਜ਼ਾ ਖੋਲ੍ਹਦਾ ਹੈ, ਜਿਸ ਨਾਲ ਤੁਸੀਂ ਮੁਕਾਬਲੇ ਅਤੇ ਭਾਰੀ ਬਜਟ ਬਾਰੇ ਘੱਟ ਤਣਾਅ ਦੇ ਨਾਲ ਦਵਾਈ ਵਿੱਚ ਆਪਣੇ ਜਨੂੰਨ ਨੂੰ ਅੱਗੇ ਵਧਾਉਂਦੇ ਹੋ।

## ਵਿਦੇਸ਼ ਵਿੱਚ ਐਮਬੀਬੀਸੀ ਦਾ ਅਧਿਐਨ ਕਰੋ

ਵਿਦੇਸ਼ ਵਿੱਚ ਐਮਬੀਬੀਐਸ ਦੀ ਡਿਗਰੀ ਹਾਸਲ ਕਰਨਾ ਭਾਰਤੀ ਵਿਦਿਆਰਥੀਆਂ ਵਿੱਚ ਤੇਜ਼ੀ ਨਾਲ ਪ੍ਰਸਿੱਧ ਹੋ ਰਿਹਾ ਹੈ। ਭਾਰਤ ਵਿੱਚ ਮੈਡੀਕਲ ਸੀਟਾਂ ਲਈ ਉੱਚ ਪੱਧਰੀ ਮੁਕਾਬਲੇ ਦੇ ਨਾਲ, ਵਧ ਰਹੇ ਟਿਊਸ਼ਨ ਖਰਚਿਆਂ ਦੇ ਨਾਲ, ਬਹੁਤ ਸਾਰੇ ਡਾਕਟਰ ਬਣਨ ਦੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਅੰਤਰਰਾਸ਼ਟਰੀ ਮੰਜ਼ਲਿਾਂ ਵੱਲ ਦੇਖ ਰਹੇ ਹਨ।

ਵਿਦੇਸ਼ਾਂ ਵਿੱਚ ਐਮਬੀਬੀਸੀ ਦਾ ਅਧਿਐਨ ਕਰਨਾ ਨਵੀਆਂ ਸਭਿਆਚਾਰਾਂ ਅਤੇ ਸਿਹਤ ਸੰਭਾਲ ਪ੍ਰਣਾਲੀਆਂ ਦੀ ਪੜਚੋਲ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਅਤੇ ਵਧੇਰੇ ਕਿਫਾਇਤੀ ਦਰਾਂ 'ਤੇ ਮਿਆਰੀ ਸਿੱਖਿਆ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਇਹ ਮਾਰਗ ਨਾ ਸਿਰਫ਼ ਇੱਕ ਗਲੋਬਲ ਮੈਡੀਕਲ ਕੈਰੀਅਰ ਬਣਾਉਂਦਾ ਹੈ ਬਲਕਿ ਵਿਭਿੰਨ ਡਾਕਟਰੀ ਅਭਿਆਸਾਂ ਅਤੇ ਮਰੀਜ਼ਾਂ ਦੀ ਦੇਖਭਾਲ ਪ੍ਰੋਟੋਕੋਲ ਦੇ ਸੰਪਰਕ ਨੂੰ ਵੀ ਯਕੀਨੀ ਬਣਾਉਂਦਾ ਹੈ।

## ਵਿਦੇਸ਼ ਵਿੱਚ ਐਮਬੀਬੀਸੀ ਦੀ ਪੜ੍ਹਾਈ ਕਿਉਂ ਕਰੀਏ?

ਵਿਦੇਸ਼ ਵਿੱਚ ਐਮਬੀਬੀਸੀ ਦਾ ਅਧਿਐਨ ਕਰਨ ਦਾ ਫੈਸਲਾ ਕਈ ਮਜਬੂਰ ਕਰਨ ਵਾਲੇ ਕਾਰਕਾਂ ਦੁਆਰਾ



ਚਲਾਇਆ ਜਾਂਦਾ ਹੈ। ਸਭ ਤੋਂ ਪਹਿਲਾਂ, ਅੰਤਰਰਾਸ਼ਟਰੀ ਮੈਡੀਕਲ ਯੂਨੀਵਰਸਿਟੀਆਂ ਵਿੱਚ ਅਕਸਰ ਭਾਰਤੀ ਸੰਸਥਾਵਾਂ ਦੇ ਮੁਕਾਬਲੇ ਘੱਟ ਦਾਖਲਾ ਲੋੜਾਂ ਹੁੰਦੀਆਂ ਹਨ, ਉਹਨਾਂ ਨੂੰ ਵਿਦਿਆਰਥੀਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਤੱਕ ਪਹੁੰਚਯੋਗ ਬਣਾਉਂਦੀਆਂ ਹਨ। ਇਸ ਤੋਂ ਇਲਾਵਾ, ਸਿੱਖਿਆ ਦੀ ਲਾਗਤ, ਟਿਊਸ਼ਨ ਅਤੇ ਰਹਿਣ ਦੇ ਖਰਚਿਆਂ ਸਮੇਤ, ਬਹੁਤ ਸਾਰੇ ਦੇਸ਼ਾਂ ਵਿੱਚ ਵਧੇਰੇ ਕਿਫਾਇਤੀ ਹੋ ਸਕਦੀ ਹੈ।

ਵਿਦੇਸ਼ੀ ਐਮਬੀਬੀਸੀ ਪ੍ਰੋਗਰਾਮਾਂ ਨੂੰ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ ਹੈ, ਅੰਤਰਰਾਸ਼ਟਰੀ ਕੈਰੀਅਰ ਦੇ ਮੌਕਿਆਂ ਲਈ ਰਾਹ ਪੱਧਰਾ ਕਰਦੇ ਹਨ। ਇਸ ਤੋਂ ਇਲਾਵਾ, ਵਿਦਿਆਰਥੀ ਵੱਖ-ਵੱਖ ਸਿਹਤ ਸੰਭਾਲ ਪ੍ਰਣਾਲੀਆਂ ਦੇ ਸੰਪਰਕ ਤੋਂ ਅਨਮੋਲ ਅਨੁਭਵ ਪ੍ਰਾਪਤ ਕਰਦੇ ਹਨ, ਜੋ ਉਹਨਾਂ ਦੇ ਡਾਕਟਰੀ ਅਭਿਆਸ ਅਤੇ ਸਮਝ ਨੂੰ ਵਧਾਉਂਦਾ ਹੈ।

## ਵਿਦੇਸ਼ ਵਿੱਚ ਐਮਬੀਬੀਸੀ ਦੀ ਪੜ੍ਹਾਈ ਕਰਨ ਦੇ ਲਾਭ

ਵਿਦੇਸ਼ ਵਿੱਚ ਐਮਬੀਬੀਐਸ ਦੀ ਪੜ੍ਹਾਈ ਕਰਨ ਨਾਲ ਬਹੁਤ ਸਾਰੇ ਲਾਭ ਹੁੰਦੇ ਹਨ:

ਗਲੋਬਲ ਮਾਨਤਾ - ਵਿਦੇਸ਼ਾਂ ਦੀਆਂ ਡਿਗਰੀਆਂ ਨੂੰ ਦੁਨੀਆ ਭਰ ਵਿੱਚ ਮਾਨਤਾ ਦਿੱਤੀ ਜਾਂਦੀ ਹੈ, ਗ੍ਰੈਜੂਏਟਾਂ ਨੂੰ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਅਭਿਆਸ ਕਰਨ ਦੀ ਇਜਾਜ਼ਤ ਦਿੰਦਾ ਹੈ, ਸੰਬੰਧਿਤ ਲਾਇਸੈਂਸ ਪ੍ਰੀਖਿਆਵਾਂ ਨੂੰ ਪਾਸ ਕਰਨ ਦੇ ਅਧੀਨ।

ਸੱਭਿਆਚਾਰਕ ਐਕਸਪੋਜ਼ਰ - ਵਿਦਿਆਰਥੀ ਇੱਕ ਬਹੁ-ਸੱਭਿਆਚਾਰਕ ਵਾਤਾਵਰਣ ਵਿੱਚ ਸਿੱਖਦੇ ਹਨ, ਉਹਨਾਂ ਦੇ ਅੰਤਰ-ਵਿਅਕਤੀਗਤ ਹੁਨਰ ਨੂੰ ਵਧਾਉਂਦੇ ਹਨ ਅਤੇ ਗਲੋਬਲ ਹੈਲਥਕੇਅਰ ਚੁਣੌਤੀਆਂ ਨੂੰ ਸਮਝਦੇ ਹਨ।

ਕਿਫਾਇਤੀ ਸਿੱਖਿਆ - ਬਹੁਤ ਸਾਰੇ ਦੇਸ਼ ਸਿੱਖਿਆ ਦੀ ਗੁਣਵੱਤਾ 'ਤੇ ਸਮਝੌਤਾ ਕੀਤੇ ਬਿਨਾਂ, ਭਾਰਤ ਵਿੱਚ ਪੜ੍ਹਨ ਦੀ ਲਾਗਤ ਦੇ ਇੱਕ ਹਿੱਸੇ 'ਤੇ ਗੁਣਵੱਤਾ ਵਾਲੀ ਡਾਕਟਰੀ ਸਿੱਖਿਆ ਪ੍ਰਦਾਨ ਕਰਦੇ ਹਨ।

ਐਡਵਾਂਸਡ ਹੈਲਥਕੇਅਰ ਲਰਨਿੰਗ - ਉੱਨਤ ਹੈਲਥਕੇਅਰ ਤਕਨਾਲੋਜੀਆਂ ਅਤੇ ਅਭਿਆਸਾਂ ਦਾ ਐਕਸਪੋਜਰ ਇੱਕ ਹੋਰ ਮਹੱਤਵਪੂਰਨ ਫਾਇਦਾ ਹੈ, ਜੋ ਵਿਦਿਆਰਥੀਆਂ ਨੂੰ ਵਿਸ਼ਵਵਿਆਪੀ ਦਵਾਈ ਵਿੱਚ ਭਵਿੱਖ ਲਈ ਤਿਆਰ ਕਰਦਾ ਹੈ।

ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਮਲੋਟ

LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES

The Mortgage Centre
We work for *you*, not the lenders.




| Debt Consolidation | Renovations & Repairs | Avoiding High penalities |
|---|---|---|

No Credit or becon score check.
No income verification.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

# JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com

MCNE

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED IN YOUR NEIGHBOURHOOD

## Sandalwood & Sunny Meadow Blvd



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

## James Potter/Queen/Bonnie Brae



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

## Caledon Ontario (Dir/Cross St:Mayfield/ Mclaughlin/Tweedhill)



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

## Bramalea/Father Tobin /Fernfor



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232

JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT


2024 TOUR • 180+ SHOWS •
12 FABULOUS LOCATIONS • CANADA & USA
ROYAL CANADIAN
International
CIRCUS
UNDER THE BIG TOP
6 GTA LOCATIONS
June 27 - Sept 2
2 for 1
GENERAL ADMISSION TICKETS DISCOUNT
PROMO CODE:
PUNJABI
ROYALCANADIANCIRCUS.CA